Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ

ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 379 13 ਨਵੰਬਰ ਤੋਂ 19 ਨਵੰਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

ਅਮਰੀਕਾ ਦੀਆਂ ਮੱਧਕਾਲੀ ਚੋਣਾਂ ਦੇ ਨਤੀਜਿਆਂ ਤੋਂ ਭਾਰਤ ਨੂੰ ਕਿਵੇਂ ਫਾਇਦਾ ਹੋ ਸਕਦਾ ਹੈ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਤੰਬਰ ਵਿੱਚ ਇੱਕ ਚੋਣ ਰੈਲੀ ਵਿੱਚ ਕਿਹਾ ਸੀ ਕਿ ਆਉਣ ਵਾਲੀਆਂ ਮੱਧਕਾਲੀ ਚੋਣਾਂ ਵਿੱਚ, ਤੁਸੀਂ ਇਹ ਮੰਨੋ ਕਿ ਮਤਦਾਨ ਪੇਪਰਾਂ ਉੱਤੇ ਮੇਰਾ ਹੀ ਨਾਮ ਹੈ। ਯਾਨੀ, ਇੱਕ ਤਰ੍ਹਾਂ ਨਾਲ ਉਨ੍ਹਾਂ ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਤੁਹਾਡਾ ਉਮੀਦਵਾਰ ਕੋਈ ਵੀ ਹੋਵੇ, ਤੁਹਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਤੁਹਾਡੀ ਵੋਟ ਰਾਸ਼ਟਰਪਤੀ ਟਰੰਪ ਨੂੰ ਪੈ ਰਹੀ ਹੈ। ਇਸ ਹਫ਼ਤੇ ਦੇ ਚੋਣ ਨਤੀਜਿਆਂ ਨੇ ਰਾਸ਼ਟਰਪਤੀ ਟਰੰਪ ਨੂੰ ਇੱਕ ਵੱਡਾ ਸਿਆਸੀ ਝਟਕਾ ਦਿੱਤਾ। ਉਨ੍ਹਾਂ ਦੀ ਰਿਪਬਲਿਕਨ ਪਾਰਟੀ ਹੱਥੋਂ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ, ਸੈਨੇਟ ਅਤੇ ਹਾਊਸ ਆਫ਼ ਰੀਪ੍ਰੀਜੈਂਟੇਟਿਵਜ਼ ਦਾ ਕੰਟਰੋਲ ਗੁਆ ਦਿੱਤਾ। ਵਿਰੋਧੀ ਡੈਮੋਕ੍ਰੇਟਿਕ ਪਾਰਟੀ ਨੇ ਦੋਵਾਂ ਸਦਨਾਂ ਵਿੱਚ ਅਹਿਮ ਜਿੱਤਾਂ ਦਰਜ ਕਰਵਾਈਆਂ। ਇਨ੍ਹਾਂ ਚੋਣਾਂ ਦੇ ਨਤੀਜੇ ਅਮਰੀਕੀ ਰਾਸ਼ਟਰਪਤੀ ਦੀ ਸਿਆਸੀ ਤਾਕਤ ਉੱਤੇ ਅਸਰ ਪਾਉਂਦੇ ਹਨ। ਇਸੇ ਕਰਕੇ ਇਹ ਚੋਣਾਂ ਪੂਰੀ ਦੁਨੀਆ ਲਈ ਅਹਿਮੀਅਤ ਰੱਖਦੀਆਂ ਹਨ। ਨਤੀਜੇ ਵਿਸ਼ਵਵਿਆਪੀ ਕੂਟਨੀਤੀ, ਕੌਮਾਂਤਰੀ ਵਪਾਰ ਅਤੇ ਭਾਰਤ ਵਰਗੇ ਦੇਸ਼ਾਂ ਨਾਲ ਅਮਰੀਕਾ ਦੀ ਭਾਈਵਾਲੀ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਤਾਂ ਸਵਾਲ ਇਹ ਹੈ ਕਿ ਵੋਟਰ ਟਰੰਪ ਤੋਂ ਕਿਉਂ ਨਾਰਾਜ਼ ਸਨ ਅਤੇ ਇਨ੍ਹਾਂ ਚੋਣ ਨਤੀਜਿਆਂ ਦਾ ਭਾਰਤ ਲਈ ਕੀ ਅਰਥ ਹੈ ? ਡੈਮੋਕ੍ਰੇਟਿਕ ਪਾਰਟੀ ਦੀ ਇਹ ਜਿੱਤ ਭਾਰਤ ਨੂੰ ਜਿੱਥੇ ਕੁਝ ਨਵੇਂ ਕੂਟਨੀਤਕ ਮੌਕੇ ਦਿੰਦੀ ਹੈ ਅਤੇ ਨਾਲ ਹੀ ਇਸਦੀ ਭਵਿੱਖ ਦੀ ਰਣਨੀਤੀ ਸੰਬੰਧੀ ਚੁਣੌਤੀਆਂ ਵੀ ।ਅਮਰੀਕਾ ਭਾਰਤ ਦੇ ਸਭ ਤੋਂ ਅਹਿਮ ਅਤੇ ਵਿਆਪਕ ਭਾਈਵਾਲਾਂ ਵਿੱਚੋਂ ਇੱਕ ਹੈ। ਦੋਵਾਂ ਦੇਸ਼ਾਂ ਨੇ ਵਪਾਰ, ਤਕਨੀਕ, ਆਰਥਿਕ ਵਿਕਾਸ ਅਤੇ ਖੇਤਰੀ ਸੁਰੱਖਿਆ ਸਣੇ ਕਈ ਮੁੱਦਿਆਂ 'ਤੇ ਸਹਿਯੋਗ ਕੀਤਾ ਹੈ। ਹਾਲਾਂਕਿ, ਟਰੰਪ ਦੀ ਚੋਣ ਹਾਰ ਅਮਰੀਕਾ ਦੇ ਸਿਆਸੀ ਮਾਹੌਲ ਨੂੰ ਬਦਲ ਸਕਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਟਰੰਪ ਨੂੰ ਮਿਲਣ ਦੇ ਦੋ ਮੌਕੇ ਹੋ ਸਕਦੇ ਹਨ। ਪਹਿਲਾ, ਇਸ ਮਹੀਨੇ ਮਨੀਲਾ ਵਿੱਚ ਹੋਣ ਵਾਲਾ ਪੂਰਬੀ ਏਸ਼ੀਆ ਸੰਮੇਲਨ ਅਤੇ ਦੂਜਾ ਦਸੰਬਰ ਵਿੱਚ ਮਿਆਮੀ ਵਿੱਚ ਹੋਣ ਵਾਲਾ ਜੀ-20 ਸੰਮੇਲਨ।

ਇਨ੍ਹਾਂ ਮੀਟਿੰਗਾਂ ਰਾਹੀਂ, ਭਾਰਤ ਨੂੰ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਇੱਕ ਨਵੀਂ ਦਿਸ਼ਾ ਦੇਣ ਦਾ ਮੌਕਾ ਮਿਲੇਗਾ ਜੋ ਕੁਝ ਸਮੇਂ ਤੋਂ ਉਤਰਾਅ-ਚੜ੍ਹਾਅ ਵਿੱਚੋਂ ਲੰਘ ਰਹੇ ਹਨ। ਤਾਂ ਪਹਿਲਾ ਸਵਾਲ ਇਹ ਹੈ ਕਿ ਕੀ ਸ਼ਕਤੀ ਦਾ ਇਹ ਬਦਲਿਆ ਹੋਇਆ ਸੰਤੁਲਨ



ਵਪਾਰ, ਟੈਰਿਫ ਅਤੇ ਕੌਮਾਂਤਰੀ ਟਕਰਾਵਾਂ ਸੰਬੰਧੀ ਅਮਰੀਕੀ ਪ੍ਰਸ਼ਾਸਨ ਦੇ ਫੈਸਲਿਆਂ 'ਤੇ ਵੀ ਕੋਈ ਪਾਬੰਦੀਆਂ ਲਗਾ ਸਕਦਾ ਹੈ ? ਅਮਰੀਕਾ ਤੋਂ ਬਾਹਰ ਕੀ ਕੌਮਾਂਤਰੀ ਕੂਟਨੀਤੀ ਦੀ ਦਿਸ਼ਾ ਵੀ ਬਦਲਣਗੇ ? ਕੀ ਅਮਰੀਕਾ ਦੇ ਸਹਿਯੋਗੀ ਅਤੇ ਵਿਰੋਧੀ ਇਸ ਨਾਲ ਆਪਣੇ ਸਬੰਧਾਂ ਨੂੰ ਨਵੇਂ ਸਿਰੇ ਤੋਂ ਦੇਖਣਗੇ ? ਕੀ ਟਰੰਪ ਦੇ ਘਰੇਲੂ ਸਿਆਸਤ ਵਿੱਚ ਕਮਜ਼ੋਰ ਹੋਣ ਨਾਲ ਦੁਨੀਆ ਪ੍ਰਤੀ ਅਮਰੀਕਾ ਦਾ ਰਵੱਈਆ ਵੀ ਬਦਲ ਸਕਦਾ ਹੈ ? ਕਲੈਕਟਿਵ ਨਿਊਜ਼ਰੂਮ ਦੇ ਪੱਤਰਕਾਰੀ ਨਿਰਦੇਸ਼ਕ ਮੁਕੇਸ਼ ਸ਼ਰਮਾ ਨੇ ਇਨ੍ਹਾਂ ਸਵਾਲਾਂ 'ਤੇ ਵਾਸ਼ਿੰਗਟਨ ਸਥਿਤ ਪੱਤਰਕਾਰ ਇਰਮ ਅੱਬਾਸੀ, ਲੰਡਨ ਸਥਿਤ ਪੱਤਰਕਾਰ ਜ਼ੁਬੈਰ ਅਹਿਮਦ ਅਤੇ ਅਮਰੀਕਾ ਵਿੱਚ ਸਾਬਕਾ ਭਾਰਤੀ ਰਾਜਦੂਤ ਅਰੁਣ ਕੁਮਾਰ ਨਾਲ ਗੱਲ ਕੀਤੀ।

ਅਮਰੀਕੀ ਮੀਡੀਆ ਵਿੱਚ ਇਨ੍ਹਾਂ ਨਤੀਜਿਆਂ ਨੂੰ ਕਿਵੇਂ ਦੇਖਿਆ ਜਾ ਰਿਹਾ ਹੈ ?

ਇਸ ਸਵਾਲ ਦੇ ਜਵਾਬ ਵਿੱਚ ਅੱਬਾਸੀ ਕਹਿੰਦੇ ਹਨ, ÷ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਮੀਡੀਆ ਸੰਗਠਨ ਨੂੰ ਦੇਖ ਰਹੇ ਹੋ। ਜਿਵੇਂ ਹੀ ਟਰੰਪ ਨੂੰ ਚੋਣ ਨਤੀਜੇ ਮਿਲੇ, ਉਹ ਫੌਕਸ ਨਿਊਜ਼ ਗਏ ਅਤੇ ਚੈਨਲ ਨੂੰ ਫਟਕਾਰ ਲਗਾਈ। ਉਨ੍ਹਾਂ ਇਲਜ਼ਾਮ ਲਗਾਇਆ ਕਿ ਚੈਨਲ ਦੇ ਕਵਰੇਜ ਅਤੇ ਗਲਤ ਡਾਟਾ ਦੇ ਕਾਰਨ ਚੋਣ ਨਤੀਜੇ ਉਨ੍ਹਾਂ ਦੇ ਵਿਰੁੱਧ ਗਏ। ਅੱਬਾਸੀ ਨੇ ਦੱਸਿਆ, ÷ਸੀਐੱਨਐੱਨ ਨੇ ਐਸੋਸੀਏਟਿਡ ਪ੍ਰੈਸ (ਏਪੀ) ਤੋਂ ਤਕਰੀਬਨ ਇੱਕ ਘੰਟਾ ਪਹਿਲਾਂ ਆਪਣੇ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ ਸੀ ਕਿ ਡੈਮੋਕ੍ਰੇਟਿਕ ਪਾਰਟੀ ਕਾਂਗਰਸ ਦੇ ਦੋਵਾਂ ਸਦਨਾਂ ਦਾ ਕੰਟਰੋਲ ਲੈ ਰਹੀ ਹੈ। ਉਸ ਸਮੇਂ, ਏਪੀ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਚੋਣ ਮੁਕਾਬਲਿਆਂ ਦੇ ਨਤੀਜਿਆਂ ਦਾ ਐਲਾਨ ਨਹੀਂ ਕੀਤਾ ਸੀ। ਜੇਕਰ ਤੁਸੀਂ ਉਦਾਰਵਾਦੀ ਜਾਂ ਡੈਮੋਕ੍ਰੇਟਿਕ-ਝੁਕਾਅ ਵਾਲੇ ਮੀਡੀਆ ਆਉਟਲੈਟਜ਼ ਨੂੰ ਦੇਖਦੇ ਹੋ, ਤਾਂ ਇਨ੍ਹਾਂ ਨਤੀਜਿਆਂ ਬਾਰੇ ਜਸ਼ਨ ਦਾ ਮਾਹੌਲ ਹੈ। ਉਨ੍ਹਾਂ ਨੇ ਸਮਝਾਇਆ ਕਿ ਜੇਕਰ ਤੁਸੀਂ ਨਿਊਯਾਰਕ ਟਾਈਮਜ਼ ਅਤੇ ਹੋਰ ਪ੍ਰਮੁੱਖ ਨਿਊਜ਼ ਸੰਗਠਨਾਂ ਦੀ ਕਵਰੇਜ 'ਤੇ ਨਜ਼ਰ ਮਾਰੋ, ਤਾਂ ਇੱਕ ਵੱਖਰੀ ਤਰ੍ਹਾਂ ਦੀ ਚਰਚਾ ਹੁੰਦੀ ਹੈ। ਟਰੰਪ ਨੇ ਪਿਛਲੇ ਦੋ ਸਾਲਾਂ ਵਿੱਚ ਵਾਸ਼ਿੰਗਟਨ ਅਤੇ ਪੂਰੇ ਅਮਰੀਕਾ ਵਿੱਚ ਜੋ ਸਿਆਸੀ ਮਾਹੌਲ ਬਣਾਇਆ ਹੈ, ਬਹੁਤ ਸਾਰੇ ਉਦਾਰਵਾਦੀ ਝੁਕਾਅ ਵਾਲੇ ਅਖ਼ਬਾਰ ਹੁਣ ਉਸ ਦੇ ਉਲਟ ਉਮੀਦ ਦਿਖਾ ਰਹੇ ਹਨ। ਵਿਸ਼ਲੇਸ਼ਣ ਅਮਰੀਕਾ ਲਈ ਆਪਣੀ ਸਿਆਸੀ ਪ੍ਰਣਾਲੀ ਵਿੱਚ ਸੁਧਾਰ ਕਰਨ ਅਤੇ ਆਪਣੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਸੰਭਾਵਨਾ ਨੂੰ ਵੀ ਉਜਾਗਰ ਕਰ ਰਹੇ ਹਨ।

ਕੀ ਇਹ ਨਤੀਜੇ ਕੌਮਾਂਤਰੀ ਪੱਧਰ 'ਤੇ ਰਾਸ਼ਟਰਪਤੀ ਟਰੰਪ ਦੀ ਫੈਸਲਾ ਲੈਣ ਦੀ ਯੋਗਤਾ ਨੂੰ ਪ੍ਰਭਾਵਤ ਕਰਨਗੇ ?

ਇਸ ਸਵਾਲ ਦੇ ਜਵਾਬ ਵਿੱਚ, ਲੰਡਨ ਸਥਿਤ ਪੱਤਰਕਾਰ ਜ਼ੁਬੈਰ ਅਹਿਮਦ ਕਹਿੰਦੇ ਹਨ, ÷ਚੋਣ ਨਤੀਜਿਆਂ ਦਾ ਸਪੱਸ਼ਟ ਅਰਥ ਹੈ ਕਿ ਰਿਪਬਲਿਕਨ ਪਾਰਟੀ ਨੇ ਕਾਂਗਰਸ ਵਿੱਚ ਆਪਣਾ ਬਹੁਮਤ ਗੁਆ ਦਿੱਤਾ ਹੈ। ਇਸ ਨਾਲ ਰਾਸ਼ਟਰਪਤੀ ਟਰੰਪ ਲਈ ਅਗਲੇ ਦੋ ਸਾਲ ਮੁਸ਼ਕਲ ਹੋ ਸਕਦੇ ਹਨ। ਸਿਆਸੀ ਰੂਪ ਵਿੱਚ, ਉਹ ਹੁਣ 'ਸਿਟਿੰਗ ਡਕ' ਸਥਿਤੀ ਵਿੱਚ ਹੋਣਗੇ, ਭਾਵ ਉਨ੍ਹਾਂ ਦੀ ਤਾਕਤ ਅਤੇ ਫ਼ੈਸਲਾ ਲੈਣ ਦੀ ਯੋਗਤਾ ਹੁਣ ਪਹਿਲਾਂ ਵਰਗੀ ਨਹੀਂ ਰਹੇਗੀ। ਇਹ ਘਰੇਲੂ ਨੀਤੀਆਂ ਦੇ ਸੰਦਰਭ ਵਿੱਚ ਖ਼ਾਸ ਤੌਰ 'ਤੇ ਸੱਚ ਹੈ। ਜਿੱਥੋਂ ਤੱਕ ਵਿਦੇਸ਼ ਨੀਤੀ ਦਾ ਸਵਾਲ ਹੈ, ਰਾਸ਼ਟਰਪਤੀ ਕੋਲ ਅਜੇ ਵੀ ਕਾਫ਼ੀ ਅਧਿਕਾਰ ਅਤੇ ਫ਼ੈਸਲਾ ਲੈਣ ਦੀ ਤਾਕਤ ਹੈ। ਉਦਾਹਰਣ ਵਜੋਂ, ਟੈਰਿਫ਼ ਦੇ ਸੰਬੰਧ ਵਿੱਚ ਟਰੰਪ ਨੇ ਹੁਣ ਤੱਕ ਆਪਣੀ ਇੱਛਾ ਮੁਤਾਬਕ ਦੂਜੇ ਦੇਸ਼ਾਂ 'ਤੇ ਟੈਰਿਫ ਲਗਾਏ ਹਨ। ਉਨ੍ਹਾਂ ਨੇ ਭਾਰਤ 'ਤੇ ਵੀ ਆਪਣੀ ਇੱਛਾ ਅਨੁਸਾਰ ਟੈਰਿਫ ਲਗਾਏ ਹਨ। ਉਹ ਅੱਗੇ ਕਹਿੰਦੇ ਹਨ ਕਿ ਮੌਜੂਦਾ ਸਥਿਤੀ ਵਿੱਚ, ਜੇਕਰ ਰਾਸ਼ਟਰਪਤੀ ਕੱਲ੍ਹ ਨੂੰ ਈਰਾਨ ਖ਼ ?ਲਾਫ਼ ਦੁਬਾਰਾ ਜੰਗ ਛੇੜਨਾ ਚਾਹੁੰਦੇ ਹਨ ਜਾਂ ਉਸ 'ਤੇ ਹਮਲਾ ਕਰਨਾ ਚਾਹੁੰਦੇ ਹਨ, ਤਾਂ ਕਾਂਗਰਸ ਕੋਲ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਸਿੱਧੀ ਤਾਕਤ ਨਹੀਂ ਹੈ। ਇਹ ਤੈਅ ਹੈ ਕਿ ਜੇਕਰ ਅਮਰੀਕਾ ਨੂੰ ਆਉਣ ਵਾਲੇ ਦਿਨਾਂ ਵਿੱਚ ਜੰਗ ਜਾਰੀ ਰੱਖਣੀ ਪਈ, ਤਾਂ ਉਸ ਨੂੰ ਇਸਦੇ ਲਈ ਪੈਸੇ ਦੀ ਜ਼ਰੂਰਤ ਹੋਏਗੀ ਅਤੇ ਇਸਦੇ ਲਈ ਪ੍ਰਸ਼ਾਸਨ ਨੂੰ ਕਾਂਗਰਸ ਕੋਲ ਜਾਣਾ ਪਵੇਗਾ। ਹੁਣ ਜਦੋਂ ਰਿਪਬਲਿਕਨ ਪਾਰਟੀ ਕਾਂਗਰਸ ਵਿੱਚ ਆਪਣਾ ਬਹੁਮਤ ਗੁਆ ਚੁੱਕੀ ਹੈ, ਤਾਂ ਟਰੰਪ ਪ੍ਰਸ਼ਾਸਨ ਨੂੰ ਕਾਨੂੰਨ ਅਤੇ ਬਜਟ ਪਾਸ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣਾ ਚੁਣੌਤੀਪੂਰਨ ਹੋ ਸਕਦਾ ਹੈ। ਕਿਉਂਕਿ ਨਵੇਂ ਚੁਣੇ ਗਏ ਨੁਮਾਇੰਦੇ 3 ਜਨਵਰੀ ਨੂੰ ਸਹੁੰ ਚੁੱਕਣਗੇ। ਉਸ ਤੋਂ ਬਾਅਦ, ਡੈਮੋਕਰੇਟਸ ਕੋਲ ਕਾਂਗਰਸ ਵਿੱਚ ਬਹੁਮਤ ਹੋਵੇਗਾ। ਇਸ ਤੋਂ ਇਲਾਵਾ, ਸੱਤ ਫਲਸਤੀਨੀ ਪੱਖੀ ਕਾਨੂੰਨਸਾਜ਼ ਸੈਨੇਟ ਅਤੇ ਪ੍ਰਤੀਨਿਧੀ ਸਭਾ ਲਈ ਚੁਣੇ ਗਏ ਹਨ, ਜਿਨ੍ਹਾਂ ਨੇ ਜੰਗ ਅਤੇ ਇਜ਼ਰਾਈਲ ਪ੍ਰਤੀ ਅਮਰੀਕੀ ਨੀਤੀਆਂ ਦੇ ਵਿਰੁੱਧ ਬੋਲ ਕੇ ਇਹ ਚੋਣਾਂ ਜਿੱਤੀਆਂ ਹਨ। ਇਸਦਾ ਮਤਲਬ ਹੈ ਕਿ ਜਨਤਾ ਨੇ ਉਸਦਾ ਸਮਰਥਨ ਕੀਤਾ ਹੈ ਅਤੇ ਉਸਨੂੰ ਸੰਸਦ ਲਈ ਚੁਣਿਆ ਹੈ। ਅਹਿਮਦ ਕਹਿੰਦੇ ਹਨ, ਹੁਣ ਉਹ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਇਹ ਸਵਾਲ ਉਠਾ ਸਕਦੇ ਹਨ, ਇਜ਼ਰਾਈਲ ਨੂੰ ਸਾਲਾਨਾ 4 ਬਿਲੀਅਨ ਡਾਲਰ ਦੀ ਫੌਜੀ ਸਹਾਇਤਾ ਕਿਉਂ ਜਾਰੀ ਰੱਖੀ ਜਾਵੇ ? ਇਸ ਸਹਾਇਤਾ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਇਜ਼ਰਾਈਲ ਨੂੰ ਰੋਕਿਆ ਜਾਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿੱਚ, ਗਾਜ਼ਾ ਵਿੱਚ ਚੱਲ ਰਹੀ ਜੰਗ ਨੂੰ ਲੈ ਕੇ ਅਮਰੀਕੀ ਨੀਤੀ 'ਤੇ ਦਬਾਅ ਪੈ ਸਕਦਾ ਹੈ। ਜ਼ੁਬੇਰ ਇਹ ਵੀ ਕਹਿੰਦੇ ਹਨ ਕਿ ਟਰੰਪ ਦੇ ਪਹਿਲੇ ਕਾਰਜਕਾਲ ਤੋਂ ਬਾਅਦ, ਜਦੋਂ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜੋਅ ਬਾਇਡਨ ਰਾਸ਼ਟਰਪਤੀ ਬਣੇ, ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਨੇ ਇਜ਼ਰਾਈਲ ਦਾ ਵਧੇਰੇ ਮਜ਼ਬੂਤੀ ਨਾਲ ਸਮਰਥਨ ਕੀਤਾ। ਇਸ ਲਈ, ਭਾਵੇਂ ਡੈਮੋਕ੍ਰੇਟਸ ਦਾ ਕਾਂਗਰਸ ਵਿੱਚ ਹੱਥ ਉੱਚਾ ਹੋਵੇਗਾ, ਪਰ ਇਹ ਅਸੰਭਵ ਲੱਗਦਾ ਹੈ ਕਿ ਇਜ਼ਰਾਈਲ ਦੇ ਸੰਬੰਧ ਵਿੱਚ ਵੱਡੇ ਬਦਲਾਅ ਆਉਣਗੇ। ਵਾਸ਼ਿੰਗਟਨ ਸਥਿਤ ਪੱਤਰਕਾਰ ਇਰਮ ਅੱਬਾਸੀ ਦੇ ਅਨੁਸਾਰ, ਟਰੰਪ ਦੇ ਸਮਰਥਕਾਂ ਨੇ ਉਨ੍ਹਾਂ 'ਤੇ ਮਹਿੰਗਾਈ ਲਈ ਯੂਕਰੇਨ ਜੰਗ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਇਲਜ਼ਾਮ ਲਗਾਇਆ। ਉਹ ਇਹ ਵੀ ਨਹੀਂ ਚਾਹੁੰਦੇ ਸਨ ਕਿ ਯੂਕਰੇਨ ਵਿੱਚ ਜੰਗ ਜਾਰੀ ਰਹੇ ਅਤੇ ਅਮਰੀਕਾ ਇਸ ਦਾ ਸਮਰਥਨ ਜਾਰੀ ਰੱਖੇ। ਇਸ ਮੁੱਦੇ 'ਤੇ ਬੋਲਦੇ ਹੋਏ ਜ਼ੁਬੈਰ ਅਹਿਮਦ ਕਹਿੰਦੇ ਹਨ ਕਿ ਪਿਛਲੇ ਡੇਢ ਸਾਲ ਤੋਂ ਅਮਰੀਕਾ ਯੂਕਰੇਨ 'ਤੇ ਰੂਸ ਨਾਲ ਸਮਝੌਤਾ ਕਰਨ ਲਈ ਦਬਾਅ ਪਾ ਰਿਹਾ ਹੈ, ਪਰ ਯੂਕਰੇਨ ਅਜਿਹਾ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਚੋਣ ਨਤੀਜਿਆਂ ਤੋਂ ਬਾਅਦ, ਯੂਕਰੇਨ 'ਤੇ ਜੰਗ ਖਤਮ ਕਰਨ ਅਤੇ ਰੂਸ ਨਾਲ ਸਮਝੌਤਾ ਕਰਨ ਲਈ ਅਮਰੀਕਾ ਦਾ ਦਬਾਅ ਹੋਰ ਵਧ ਸਕਦਾ ਹੈ।

ਇਨ੍ਹਾਂ ਨਤੀਜਿਆਂ ਦਾ ਭਾਰਤ 'ਤੇ ਕੀ ਪ੍ਰਭਾਵ ਪਵੇਗਾ ?

ਅਮਰੀਕਾ ਵਿੱਚ ਸਾਬਕਾ ਭਾਰਤੀ ਰਾਜਦੂਤ ਅਰੁਣ ਕੁਮਾਰ ਕਹਿੰਦੇ ਹਨ, ÷ਮੈਨੂੰ ਨਹੀਂ ਲੱਗਦਾ ਕਿ ਬਹੁਤਾ ਕੁਝ ਬਦਲੇਗਾ, ਕਿਉਂਕਿ ਟਰੰਪ ਅਜੇ ਵੀ ਰਾਸ਼ਟਰਪਤੀ ਹਨ। ਅਮਰੀਕੀ ਪ੍ਰਣਾਲੀ ਵਿੱਚ ਰਾਸ਼ਟਰਪਤੀ ਕੋਲ ਵਿਦੇਸ਼ ਨੀਤੀ ਦੇ ਮੁੱਦਿਆਂ 'ਤੇ ਫ਼ੈਸਲੇ ਲੈਣ ਲਈ ਬਹੁਤ ਅਧਿਕਾਰ ਅਤੇ ਆਜ਼ਾਦੀ ਹੈ। ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ 'ਤੇ ਕਾਂਗਰਸ ਦੀ ਰਾਏ ਜਾਂ ਇਜਾਜ਼ਤ ਲੈਣ ਦੀ ਜ਼ਰੂਰਤ ਨਹੀਂ ਹੈ। ਇਸ ਲਈ, ਰਾਸ਼ਟਰਪਤੀ ਅਜੇ ਵੀ ਸਾਡੇ ਨਾਲ ਜੁੜੇ ਮੁੱਦਿਆਂ, ਜਿਵੇਂ ਕਿ ਵਪਾਰ ਅਤੇ ਐੱਚ-1ਬੀ ਵੀਜ਼ਾ, 'ਤੇ ਫੈਸਲਾ ਲੈਣਗੇ। ਇਸ ਦਾ ਅਰਥ ਹੈ ਅਰਥ ਹੈ, ਇਨ੍ਹਾਂ ਚੋਣ ਨਤੀਜਿਆਂ ਦਾ ਫਿਲਹਾਲ ਸਿੱਧਾ ਅਸਰ ਨਹੀਂ ਪਵੇਗਾ। ਉਹ ਅੱਗੇ ਕਹਿੰਦੇ ਹਨ ਕਿ ਸਾਨੂੰ ਇਹ ਦੇਖਣ ਦੀ ਲੋੜ ਹੈ ਕਿ ਰਾਸ਼ਟਰਪਤੀ ਟਰੰਪ ਰਿਪਬਲਿਕਨ ਪਾਰਟੀ ਦੀ ਹਾਰ 'ਤੇ ਕਿਵੇਂ ਪ੍ਰਤੀਕਿਰਿਆ ਦਿੰਦੇ ਹਨ। ਇਸ ਨੂੰ ਉਨ੍ਹਾਂ ਲਈ ਇੱਕ ਨਿੱਜੀ ਹਾਰ ਵੀ ਮੰਨਿਆ ਜਾ ਸਕਦਾ ਹੈ। ਤਾਂ, ਉਹ ਇਨ੍ਹਾਂ ਨਤੀਜਿਆਂ ਤੋਂ ਕੀ ਸਮਝਦੇ ਹਨ ? ਕੀ ਉਨ੍ਹਾਂ ਨੂੰ ਆਪਣੀਆਂ ਨੀਤੀਆਂ ਬਦਲਣੀਆਂ ਚਾਹੀਦੀਆਂ ਹਨ ਜਾਂ ਹੋਰ ਨਰਮ ਹੋਣਾ ਚਾਹੀਦਾ ਹੈ ? ਭਾਰਤ-ਅਮਰੀਕਾ ਸਬੰਧਾਂ ਦਾ ਇੱਕ ਬਹੁਤ ਅਹਿਮ ਪਹਿਲੂ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੀ ਵਪਾਰਕ ਗੱਲਬਾਤ ਹੈ। ਜੇਕਰ ਅਸੀਂ ਇਨ੍ਹਾਂ ਚੋਣ ਨਤੀਜਿਆਂ ਨੂੰ ਵਪਾਰਕ ਗੱਲਬਾਤ ਦੇ ਸੰਦਰਭ ਵਿੱਚ ਵੇਖੀਏ, ਤਾਂ ਕੀ ਇਨ੍ਹਾਂ ਦਾ ਕੋਈ ਪ੍ਰਭਾਵ ਪਵੇਗਾ ? ਕੀ ਹੁਣ ਜਦੋਂ ਡੈਮੋਕ੍ਰੇਟਸ ਕਾਂਗਰਸ ਨੂੰ ਕੰਟਰੋਲ ਕਰਦੇ ਹਨ ਤਾਂ ਰਾਸ਼ਟਰਪਤੀ ਟਰੰਪ ਨੂੰ ਹੁਣ ਵਪਾਰਕ ਗੱਲਬਾਤ ਵਿੱਚ ਥੋੜ੍ਹਾ ਹੋਰ ਸਾਵਧਾਨ ਰਹਿਣਾ ਪਵੇਗਾ ?

ਮੱਧਕਾਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅਮਰੀਕਾ ਵਿੱਚ ਮਾਹੌਲ ਕਿਹੋ ਜਿਹਾ ਹੈ ?

ਵਾਸ਼ਿੰਗਟਨ ਸਥਿਤ ਪੱਤਰਕਾਰ ਇਰਮ ਅੱਬਾਸੀ ਨੇ ਕਿਹਾ, ਟਰੰਪ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਵੀ ਇੱਕ ਵੱਡਾ ਮੁੱਦਾ ਰਿਹਾ ਹੈ। ਤੁਸੀਂ ਸਾਰੇ ਵਿਸ਼ਲੇਸ਼ਣਾਂ ਅਤੇ ਓਪੀਨੀਅਨ ਪੋਲਜ਼ ਨੂੰ ਦੇਖੋ ਅਤੇ ਵੋਟਰਾਂ ਨਾਲ ਮੇਰੀ ਆਪਣੀ ਗੱਲਬਾਤ ਵਿੱਚ ਵੀ, ਭ੍ਰਿਸ਼ਟਾਚਾਰ ਇੱਕ ਮੁੱਖ ਮੁੱਦੇ ਵਜੋਂ ਉਭਰਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਇਜ਼ਰਾਈ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

The 26th Grand Nagar Kirtan was organized by Gurdwara Baba Makhan Shah Lubana Sikh Center, Richmond Hill, New York, under the leadership of the Panj Pyare (Five Beloved Ones), with great devotion, faith, and reverence to mark the 557th Prakash Purab (Birth Anniversary) of Sri Guru Nanak Dev Ji.

Gurdwara President Mahinder Singh Mehamdpur expressed his heartfelt gratitude to the entire Sikh congregation for their enthusiastic participation and valuable support in making the Nagar Kirtan a success.







ਨਿਊਯਾਰਕ (ਵਿਸ਼ੇਸ਼ ਪ੍ਰਤੀਨਿਧ): ਅਮਰੀਕਾ ਦੇ ਨਿਊਯਾਰਕ ਸਥਿਤ ਰਿਚਮੰਡ ਹਿੱਲ ਵਿਖੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲਬਾਣਾ ਸਿੱਖ ਸੈਂਟਰ ਵੱਲੋਂ ਪਹਿਲੀ ਪਾਤਸ਼ਾਹੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਨੂੰ ਸਮਰਪਿਤ 26ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਨਿਊਯਾਰਕ ਸਮੇਤ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਇਹ ਵਿਸ਼ਾਲ ਧਾਰਮਿਕ ਸਮਾਗਮ ਸਿੱਖ ਧਰਮ ਦੀਆਂ ਮਹਾਨ ਪਰੰਪਰਾਵਾਂ, ਗੁਰਮਤਿ ਸਿਧਾਂਤਾਂ ਅਤੇ ਪੰਜਾਬੀ ਵਿਰਸੇ ਦੀ ਸ਼ਾਨਦਾਰ ਝਲਕ ਪੇਸ਼ ਕਰਦਾ ਨਜ਼ਰ ਆਇਆ। ਨਗਰ ਕੀਰਤਨ ਦੌਰਾਨ ਗੁਰਬਾਣੀ ਦੇ ਇਲਾਹੀ ਕੀਰਤਨ ਅਤੇ ਸਤਿਨਾਮ-ਵਾਹਿਗੁਰੂ ਦੇ ਜਾਪ ਨਾਲ ਸਮੁੱਚਾ ਮਾਹੌਲ ਰੂਹਾਨੀ ਰੰਗ ਵਿੱਚ ਰੰਗਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਜਾਇਆ ਨਗਰ ਕੀਰਤਨ

26ਵਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਨੇ ਗੁਰਬਾਣੀ ਦਾ ਜਾਪ ਕਰਦਿਆਂ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਯਾਦ ਕਰਦਿਆਂ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਧਾਰਮਿਕ ਏਕਤਾ ਅਤੇ ਭਾਈਚਾਰਕ ਸਾਂਝ ਦਾ ਸੁੰਦਰ ਸੰਦੇਸ਼ ਦਿੱਤਾ। ਵਿਦੇਸ਼ੀ ਧਰਤੀ ਉੱਤੇ ਸਿੱਖੀ ਦੀਆਂ ਮਹਾਨ ਰਵਾਇਤਾਂ ਨੂੰ ਕਾਇਮ ਰੱਖਣ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਦੇ ਪੱਖੋਂ ਇਹ ਸਮਾਗਮ ਵਿਸ਼ੇਸ਼ ਮਹੱਤਵ ਰੱਖਦਾ ਹੈ।

ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਅਤੇ ਸਿੱਖ









Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

The 26th Grand Nagar Kirtan was organized by Gurdwara Baba Makhan Shah Lubana Sikh Center, Richmond Hill, New York, under the leadership of the Panj Pyare (Five Beloved Ones), with great devotion, faith, and reverence to mark the 557th Prakash Purab (Birth Anniversary) of Sri Guru Nanak Dev Ji.

ਜਥੇਬੰਦੀਆਂ ਦਾ ਵਿਸ਼ੇਸ਼ ਸਹਿਯੋਗ

ਇਸ ਮਹਾਨ ਧਾਰਮਿਕ ਸਮਾਗਮ ਵਿੱਚ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਬਾਬਾ ਪ੍ਰਧਾਨ ਕੁਲਦੀਪ ਸਿੰਘ ਬੇਗੋਵਾਲ ਅਤੇ ਹੋਰ ਸਿੱਖ ਜਥੇਬੰਦੀਆਂ ਤੇ ਸੇਵਾਦਾਰਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਦੇ ਪ੍ਰਬੰਧ ਕੀਤੇ ਗਏ। ਸੰਗਤਾਂ ਦੀ ਸਹੂਲਤ ਅਤੇ ਧਾਰਮਿਕ ਸਮਾਗਮ ਨੂੰ ਸਫਲ ਬਣਾਉਣ ਲਈ ਸੇਵਾਦਾਰਾਂ ਨੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਹਿੰਦਰ ਸਿੰਘ ਮਹਿਮਦਪੁਰ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਵਾਲੀਆਂ ਸੰਗਤਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

ਸਿੱਖੀ ਦੇ ਸਿਧਾਂਤਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਦਿੱਤਾ ਸੰਦੇਸ਼

ਨਗਰ ਕੀਰਤਨ ਦਾ ਮੁੱਖ ਉਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬ-ਸਾਂਝੀਵਾਲਤਾ, ਬਰਾਬਰੀ, ਮਨੁੱਖਤਾ ਦੀ ਸੇਵਾ ਅਤੇ ਆਪਸੀ ਭਾਈਚਾਰੇ ਦੇ ਮਹਾਨ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਮਹਾਨ ਸਿਧਾਂਤ ਬਖ਼ਸ਼ਿਆ। ਉਨ੍ਹਾਂ ਨੇ ਜਾਤ-ਪਾਤ, ਊਚ-ਨੀਚ, ਅੰਧਵਿਸ਼ਵਾਸ ਅਤੇ ਸਮਾਜਿਕ ਵਿਤਕਰਿਆਂ ਦਾ ਵਿਰੋਧ ਕਰਦਿਆਂ ਮਨੁੱਖਤਾ ਨੂੰ ਸੱਚਾਈ, ਇਮਾਨਦਾਰੀ ਅਤੇ ਨਿਸ਼ਕਾਮ ਸੇਵਾ ਦੇ ਰਸਤੇ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸਮਾਗਮ ਰਾਹੀਂ ਇਨ੍ਹਾਂ ਮਹਾਨ ਸਿੱਖਿਆਵਾਂ ਨੂੰ ਅਜੋਕੇ ਸਮੇਂ ਵਿੱਚ ਅਪਣਾਉਣ ਅਤੇ ਸਮਾਜ ਅੰਦਰ ਪਿਆਰ, ਸਦਭਾਵਨਾ ਤੇ ਏਕਤਾ ਨੂੰ ਹੋਰ ਮਜ਼ਬੂਤ ਕਰਨ ਦੀ ਮਹੱਤਤਾ ਉਜਾਗਰ ਹੋਈ।

ਵਿਦੇਸ਼ਾਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ ਪਛਾਣ ਕਾਇਮ ਰੱਖਣ ਦਾ ਉਪਰਾਲਾ

ਅਮਰੀਕਾ ਵਰਗੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਅਜਿਹੇ ਧਾਰਮਿਕ ਸਮਾਗਮ ਸਿੱਖ ਭਾਈਚਾਰੇ ਦੀ ਵੱਖਰੀ ਪਛਾਣ, ਧਾਰਮਿਕ ਪਰੰਪਰਾਵਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਖ਼ਾਸ ਤੌਰ ਉੱਤੇ ਵਿਦੇਸ਼ਾਂ ਵਿੱਚ ਜਨਮੀ ਅਤੇ ਪਲੀ ਨਵੀਂ ਪੀੜ੍ਹੀ ਲਈ ਨਗਰ ਕੀਰਤਨ ਵਰਗੇ ਸਮਾਗਮ ਆਪਣੇ ਧਰਮ, ਇਤਿਹਾਸ ਅਤੇ ਵਿਰਸੇ ਨੂੰ ਨੇੜਿਓਂ ਸਮਝਣ ਦਾ ਮਹੱਤਵਪੂਰਨ ਮੌਕਾ ਹੁੰਦੇ ਹਨ। ਅਜਿਹੇ ਸਮਾਗਮਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ, ਗੁਰਬਾਣੀ ਅਤੇ ਸੇਵਾ ਦੀ ਮਹਾਨ ਪਰੰਪਰਾ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ।

ਰਿਚਮੰਡ ਹਿੱਲ ਦਾ ਇਲਾਕਾ ਲੰਮੇ ਸਮੇਂ ਤੋਂ ਨਿਊਯਾਰਕ ਵਿੱਚ ਪੰਜਾਬੀ ਅਤੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਤੇ ਸੱਭਿਆਚਾਰਕ ਸਰਗਰਮੀਆਂ ਦਾ ਮਹੱਤਵਪੂਰਨ ਕੇਂਦਰ ਰਿਹਾ ਹੈ। ਇੱਥੇ ਮਨਾਏ ਜਾਂਦੇ ਗੁਰਪੁਰਬ ਅਤੇ ਸਜਾਏ ਜਾਂਦੇ ਨਗਰ ਕੀਰਤਨ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਧਾਰਮਿਕ ਆਸਥਾ ਅਤੇ ਆਪਸੀ ਏਕਤਾ ਨੂੰ ਦਰਸਾਉਂਦੇ ਹਨ। **ਸੇਵਾਦਾਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਬਣਿਆ ਯਾਦਗਾਰੀ**

ਇਸ ਮਹਾਨ ਨਗਰ ਕੀਰਤਨ ਦੀ ਸਫਲਤਾ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਵੱਖ-ਵੱਖ ਸਿੱਖ ਸੰਸਥਾਵਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਸਮੂਹ ਸੇਵਾਦਾਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਸੇਵਾਦਾਰਾਂ ਵੱਲੋਂ ਨਿਸ਼ਕਾਮ ਭਾਵਨਾ ਨਾਲ ਨਿਭਾਈਆਂ ਸੇਵਾਵਾਂ ਨੇ ਸਿੱਖ ਧਰਮ ਦੇ ਸੇਵਾ ਅਤੇ ਸਮਰਪਣ ਦੇ ਸਿਧਾਂਤ ਨੂੰ ਹੋਰ ਮਜ਼ਬੂਤੀ ਨਾਲ ਪੇਸ਼ ਕੀਤਾ। ਸੰਗਤਾਂ ਦੀ ਵੱਡੀ ਸ਼ਮੂਲੀਅਤ ਨੇ ਸਾਬਤ ਕੀਤਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦਾ ਆਪਣੀਆਂ ਧਾਰਮਿਕ ਜੜ੍ਹਾਂ ਨਾਲ ਪਿਆਰ ਅਤੇ ਲਗਾਅ ਅੱਜ ਵੀ ਕਾਇਮ ਹੈ। ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਗੁਰੂ ਸਾਹਿਬ ਦੇ ਦਰਸਾਏ ਮਾਰਗ ਉੱਤੇ ਚੱਲਣ, ਮਨੁੱਖਤਾ ਦੀ ਸੇਵਾ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਣ ਦਾ ਸੰਦੇਸ਼ ਦਿੱਤਾ ਗਿਆ।

ਰਿਚਮੰਡ ਹਿੱਲ ਵਿੱਚ ਸਿੱਖ ਭਾਈਚਾਰੇ ਦੀ ਏਕਤਾ ਦੀ ਸ਼ਾਨਦਾਰ ਮਿਸਾਲ

ਇਹ 26ਵਾਂ ਮਹਾਨ ਨਗਰ ਕੀਰਤਨ ਕੇਵਲ ਇੱਕ ਧਾਰਮਿਕ ਸਮਾਗਮ ਹੀ ਨਹੀਂ, ਸਗੋਂ ਵਿਦੇਸ਼ੀ ਧਰਤੀ ਉੱਤੇ ਸਿੱਖ ਭਾਈਚਾਰੇ ਦੀ ਏਕਤਾ, ਧਾਰਮਿਕ ਆਸਥਾ ਅਤੇ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ। ਸਮਾਗਮ ਨੇ ਇਹ ਸੰਦੇਸ਼ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਕਿਸੇ ਇੱਕ ਧਰਮ, ਜਾਤ ਜਾਂ ਦੇਸ਼ ਤੱਕ ਸੀਮਤ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹਨ। ਅੱਜ ਦੇ ਸਮੇਂ ਵਿੱਚ ਜਦੋਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਨਫ਼ਰਤ, ਵੰਡੀਆਂ ਅਤੇ ਟਕਰਾਅ ਦੀਆਂ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ, ਗੁਰੂ ਸਾਹਿਬ ਦਾ ਸਰਬੱਤ ਦੇ ਭਲੇ ਦਾ ਸੰਦੇਸ਼ ਹੋਰ ਵੀ ਪ੍ਰਸੰਗਿਕ ਬਣ ਜਾਂਦਾ ਹੈ। ਅੰਤ ਵਿੱਚ ਗੁਰਦੁਆਰਾ ਬਾਬਾ ਮੱਖਣ ਸ਼ਾਹ ਲਬਾਣਾ ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਅਤੇ ਸਮਾਜਿਕ ਉਪਰਾਲਿਆਂ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ ਗਈ।





ਫੋਟੋ ਅਤੇ ਵੇਰਵਾ : ਬਲਦੇਵ ਸਿੰਘ
ਬੀ.ਜੇ. ਸਟੂਡੀਓ, ਨਿਊਯਾਰਕ।















Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379

Website: www.preetnama.com Email preetnamausa@gmail.com

12 NOV TO 19 NOV., 2026

The 26th Grand Nagar Kirtan was organized by Gurdwara Baba Makhan Shah Lubana Sikh Center, Richmond Hill, New York, under the leadership of the Panj Pyare (Five Beloved Ones), with great devotion, faith, and reverence to mark the 557th Prakash Purab (Birth Anniversary) of Sri Guru Nanak Dev Ji.

Preetnama

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379

Website: www.preetnama.com Email preetnamausa@gmail.com

13 NOV TO 19 NOV., 2026

The 26th Grand Nagar Kirtan was organized by Gurdwara Baba Makhan Shah Lubana Sikh Center, Richmond Hill, New York, under the leadership of the Panj Pyare (Five Beloved Ones), with great devotion, faith, and reverence to mark the 557th Prakash Purab (Birth Anniversary) of Sri Guru Nanak Dev Ji.










ਫੋਟੋ ਅਤੇ ਵੇਰਵਾ : ਬਲਦੇਵ ਸਿੰਘ
ਬੀ.ਜੇ. ਸਟੂਡੀਓ, ਨਿਊਯਾਰਕ।












Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379

Website: www.preetnama.com Email preetnamausa@gmail.com

13 NOV TO 19 NOV., 2026

ਦੀਵਾਲੀ ਤੋਂ ਅਗਲੇ ਦਿਨ ਪ੍ਰਦੂਸ਼ਣ ਕਾਰਨ ਦਿੱਲੀ-ਐੱਨਸੀਆਰ ਸੰਘਣੀ ਧੁੰਦ ਦੀ ਲਪੇਟ ਵਿੱਚ, ਕਈ ਥਾਂ ਏਕਿਊਆਈ 400 ਤੋਂ ਪਾਰ, ਪੰਜਾਬ ਦਾ ਕੀ ਹਾਲ

ਸੋਮਵਾਰ ਸਵੇਰੇ ਦਿੱਲੀ ਦੇ ਕਈ ਇਲਾਕਿਆਂ ਵਿੱਚ ਪ੍ਰਦੂਸ਼ਣ ਦਾ ਪੱਧਰ ਬੇਹੱਦ ਖ਼ਰਾਬ ਪੱਧਰ ਉੱਤੇ ਪਹੁੰਚ ਗਿਆ ਸੀ। ਕਈ ਇਲਾਕਿਆਂ ਵਿੱਚ ਏਕਿਊਆਈ ਤਕਰੀਬਨ 400 ਦਰਜ ਕੀਤਾ ਗਿਆ ਸੀ। ਕਈ ਇਲਾਕਿਆਂ ਵਿੱਚ ਵਿਜ਼ੀਬਿਲਟੀ ਬਹੁਤ ਘੱਟ ਗਈ ਸੀ। ਕੁਝ ਇਲਾਕਿਆਂ ਵਿੱਚ ਤਾਂ ਲੋਕਾਂ ਨੂੰ ਆਪਣੇ ਬਹੁਤ ਨੇੜੇ ਦੀਆਂ ਚੀਜ਼ਾਂ ਦੇਖਣੀਆਂ ਵੀ ਔਖੀਆਂ ਹੋ ਰਹੀਆਂ ਹਨ। ਪਿਛਲੇ ਕਈ ਦਿਨਾਂ ਤੋਂ, ਰਾਜਧਾਨੀ ਅਤੇ ਇਸਦੇ ਨੇੜਲੇ ਇਲਾਕਿਆਂ ਵਿੱਚ ਹਵਾ ਦੀ ਗੁਣਵੱਤਾ ਬਹੁਤ ਮਾੜੀ ਅਤੇ ਗੰਭੀਰ ਸ਼੍ਰੇਣੀ ਵਿੱਚ ਦਰਜ ਕੀਤੀ ਗਈ ਹੈ। ਇਹ ਡਰ ਜਤਾਇਆ ਜਾ ਰਿਹਾ ਹੈ ਕਿ ਪ੍ਰਦੂਸ਼ਣ ਦੇ ਨਾਲ-ਨਾਲ, ਘੱਟ ਹੋਈ ਵਿਜ਼ੀਬਿਲਟੀ ਰੇਲ ਅਤੇ ਹਵਾਈ ਸੇਵਾਵਾਂ 'ਤੇ ਵੀ ਅਸਰ ਪਾ ਸਕਦੀ ਹੈ।

ਦਿੱਲੀ ਵਿੱਚ ਪ੍ਰਦੂਸ਼ਣ ਦੀ ਸਥਿਤੀ

ਦਿੱਲੀ ਸਰਕਾਰ ਦੇ ਹਵਾ ਗੁਣਵੱਤਾ ਨਿਗਰਾਨੀ ਪੋਰਟਲ ਦੇ ਅੰਕੜਿਆਂ ਅਨੁਸਾਰ, ਸਵੇਰੇ 6 ਵਜੇ ਦਿੱਲੀ ਦਾ ਔਸਤ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) 366 ਸੀ। ਸਭ ਤੋਂ ਵੱਧ ਪ੍ਰਦੂਸ਼ਣ ਸੋਨੀਆ ਵਿਹਾਰ ਵਿੱਚ ਦਰਜ ਕੀਤਾ ਗਿਆ, ਜਿੱਥੇ ਏਕਿਊਆਈ 449 ਸੀ। ਇਸ ਤੋਂ ਬਾਅਦ ਬੁਰਾੜੀ ਕਰਾਸਿੰਗ 445, ਵਿਵੇਕ ਵਿਹਾਰ 441, ਜਹਾਂਗੀਰਪੁਰੀ 439 ਅਤੇ ਉੱਤਰੀ ਕੈਂਪਸ 437 'ਤੇ ਸੀ। ਅੰਕੜਿਆਂ ਦੇ ਅਨੁਸਾਰ, ਦਿੱਲੀ ਭਰ ਦੇ 55 ਨਿਗਰਾਨੀ ਕੇਂਦਰਾਂ 'ਤੇ ਪ੍ਰਦੂਸ਼ਣ ਦਾ ਮੁੱਖ ਸਰੋਤ PM2.5 ਰਿਹਾ ਸੀ, ਜਦੋਂ ਕਿ ਰਾਜਧਾਨੀ ਵਿੱਚ ਗ੍ਰੇਡੇਡ ਰਿਸਪਾਂਸ ਐਕਸ਼ਨ ਪਲਾਨ (ਜੀਆਰਏਪੀ) ਦਾ ਦੂਜਾ ਪੜਾਅ ਲਾਗੂ ਹੈ। ਐਤਵਾਰ ਦੇ ਮੁਕਾਬਲੇ ਦਿੱਲੀ ਵਿੱਚ ਪ੍ਰਦੂਸ਼ਣ ਦੇ ਪੱਧਰ ਵਿੱਚ 17 ਅੰਕਾਂ ਦਾ ਸੁਧਾਰ ਹੋਇਆ ਹੈ, ਪਰ ਹਵਾ ਦੀ ਗੁਣਵੱਤਾ ਅਜੇ ਵੀ ਬਹੁਤ ਮਾੜੀ ਹੈ।ਦਿੱਲੀ ਦੇ 71 ਨਿਗਰਾਨੀ ਕੇਂਦਰਾਂ ਵਿੱਚੋਂ, 59 ਕੇਂਦਰਾਂ ਦੇ ਅੰਕੜੇ ਉਪਲਬਧ ਹਨ, ਜਦੋਂ ਕਿ 12 ਕੇਂਦਰਾਂ ਦਾ ਡਾਟਾ ਉਪਲਬਧ ਨਹੀਂ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅਨੁਸਾਰ, 401 ਅਤੇ 500 ਦੇ ਵਿਚਕਾਰ ਏਕਿਊਆਈ ਨੂੰ ਗੰਭੀਰ ਮੰਨਿਆ ਜਾਂਦਾ ਹੈ। ਇਹ ਤੰਦਰੁਸਤ ਲੋਕਾਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਅਜਿਹੀ ਹਵਾ ਦਾ ਪਹਿਲਾਂ ਤੋਂ ਸਿਹਤ ਪੱਖੋਂ ਨਾਸਾਜ਼ ਲੋਕਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਜੇਕਰ ਏਕਿਊਆਈ 301 ਤੋਂ 400 ਦੇ ਵਿਚਕਾਰ ਹੈ, ਤਾਂ ਅਜਿਹੀ ਹਵਾ ਵਿੱਚ ਲੰਬੇ ਸਮੇਂ ਤੱਕ ਸਾਹ ਲੈਣ ਨਾਲ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਸੀਪੀਸੀਬੀ ਦੇ ਅਨੁਸਾਰ, ਏਕਿਊਆਈ ਸਿਰਫ ਤਾਂ ਹੀ ਚੰਗਾ ਮੰਨਿਆ ਜਾਂਦਾ ਹੈ ਜੇਕਰ ਇਹ 0 ਤੋਂ 50 ਦੇ ਵਿਚਕਾਰ ਹੋਵੇ।

ਸਰਦੀਆਂ ਵਿੱਚ ਪ੍ਰਦੂਸ਼ਣ ਕਿਉਂ ਵਧਦਾ ਹੈ ?

ਦਿ ਐਨਰਜੀ ਐਂਡ ਰਿਸੋਰਸਿਜ਼ ਇੰਸਟੀਚਿਊਟ (ਟੀਈਆਰਆਈ) ਦੀ ਸੀਨੀਅਰ ਖੋਜਕਰਤਾ ਅਤੇ ਐਸੋਸੀਏਟ ਡਾਇਰੈਕਟਰ ਡਾਕਟਰ ਅੰਜੂ ਗੋਇਲ ਦਾ ਕਹਿਣਾ ਹੈ ਕਿ ਸਰਦੀਆਂ ਦੇ ਮੌਸਮ ਕਾਰਨ ਦਿੱਲੀ ਦੀ ਹਵਾ ਦੀ ਗੁਣਵੱਤਾ ਵਿਗੜਨ ਦਾ ਖ਼ਤਰਾ ਹਰ ਸਾਲ ਬਣਿਆ ਰਹੇਗਾ। ਵਾਹਨ, ਫੈਕਟਰੀਆਂ, ਉਸਾਰੀ ਪ੍ਰੋਜੈਕਟ ਅਤੇ ਕੂੜਾ ਸਾੜਨ ਨਾਲ ਸਾਲ ਭਰ ਹਵਾ ਵਿੱਚ ਧੂੰਆਂ ਅਤੇ ਧੂੜ ਛੱਡੀ ਜਾਂਦੀ ਹੈ। ਹਾਲਾਂਕਿ, ਗਰਮੀਆਂ ਅਤੇ ਸਰਦੀਆਂ ਵਿੱਚ ਇਸ ਪ੍ਰਦੂਸ਼ਣ ਦੇ ਫੈਲਣ ਦੀ ਦਰ ਇੱਕੋ ਜਿਹੀ ਨਹੀਂ ਹੁੰਦੀ।



ਡਾਕਟਰ ਗੋਇਲ ਕਹਿੰਦੇ ਹਨ, ÷ਸਰਦੀਆਂ ਵਿੱਚ, ਜ਼ਮੀਨ ਦੇ ਨੇੜੇ ਦੀ ਹਵਾ ਅਕਸਰ ਠੰਡੀ ਹੁੰਦੀ ਹੈ ਅਤੇ ਉੱਪਰਲੀ ਹਵਾ ਗਰਮ ਹੁੰਦੀ ਹੈ। ਇਸ ਨਾਲ ਹੇਠਾਂ ਵਾਲੀ ਹਵਾ ਦਾ ਆਸਾਨੀ ਨਾਲ ਉੱਪਰ ਉੱਠਣਾ ਔਖਾ ਹੋ ਜਾਂਦਾ ਹੈ। ਜੇਕਰ ਹਵਾ ਦੀ ਗਤੀ ਵੀ ਘੱਟ ਹੋਵੇ, ਤਾਂ ਜ਼ਮੀਨ ਦੇ ਨੇੜੇ ਧੂੰਆਂ ਅਤੇ ਧੂੜ ਇਕੱਠੀ ਹੋਣ ਲੱਗ ਪੈਂਦੀ ਹੈ। ਹਵਾ ਕਿਸ ਪਾਸਿਓਂ ਚੱਲ ਰਹੀ ਹੈ, ਉਸ ਦੀ ਦਿਸ਼ਾ ਵੀ ਫ਼ਰਕ ਪਾਉਂਦੀ ਹੈ। ਜੇਕਰ ਹਵਾ ਦਿੱਲੀ ਵੱਲ ਉਨ੍ਹਾਂ ਇਲਾਕਿਆਂ ਤੋਂ ਵਗਦੀ ਹੈ ਜਿੱਥੇ ਪਰਾਲੀ ਸਾੜੀ ਜਾ ਰਹੀ ਹੈ, ਤਾਂ ਇਹ ਉਨ੍ਹਾਂ ਇਲਾਕਿਆਂ ਤੋਂ ਧੂੰਆਂ ਵੀ ਲਿਆ ਸਕਦੀ ਹੈ। ਡਾਕਟਰ ਗੋਇਲ ਦੇ ਅਨੁਸਾਰ, ਮੌਸਮ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਲਈ, ਸਰਕਾਰਾਂ ਨੂੰ ਉਨ੍ਹਾਂ ਖੇਤਰਾਂ ਵਿੱਚ ਪ੍ਰਦੂਸ਼ਣ ਘਟਾਉਣਾ ਚਾਹੀਦਾ ਹੈ ਜੋ ਸਾਲ ਭਰ ਧੂੰਆਂ ਅਤੇ ਧੂੜ ਛੱਡਦੇ ਹਨ।

ਰੇਲ ਸੇਵਾਵਾਂ 'ਤੇ ਅਸਰ

ਰੇਲਵੇ ਦੇ ਅੰਕੜਿਆਂ ਮੁਤਾਬਕ, ਸੋਮਵਾਰ ਸਵੇਰੇ ਦਿੱਲੀ ਪਹੁੰਚਣ ਵਾਲੀਆਂ ਕਈ ਟ ?ਰੇਨਾਂ ਵੀ ਦੇਰੀ ਨਾਲ ਚੱਲ ਰਹੀਆਂ ਹਨ। ਖ਼ਦਸ਼ਾ ਹੈ ਕਿ ਵਿਜ਼ੀਬਿਲਟੀ ਘਟਣ ਕਾਰਨ ਰੇਲ ਸੇਵਾਵਾਂ ਉੱਤੇ ਵੀ ਕਾਫ਼ੀ ਅਸਰ ਪੈ ਸਕਦਾ ਹੈ। ਦਿੱਲੀ ਪਹੁੰਚਣ ਵਾਲੀਆਂ ਕੁਝ ਅਹਿਮ ਟਰੇਨਾਂ ਦੀ ਗੱਲ ਕਰੀਏ ਤਾਂ ਸੋਮਵਾਰ ਸਵੇਰੇ ਬਨਾਰਸ ਤੋਂ ਦਿੱਲੀ ਆਉਣ ਵਾਲੀ ਵੰਦੇ ਭਾਰਤ (ਸਲੀਪਰ) ਐਕਸਪ੍ਰੈੱਸ ਇੱਕ ਘੰਟੇ ਤੋਂ ਵੱਧ ਦੀ ਦੇਰੀ ਨਾਲ ਨਵੀਂ ਦਿੱਲੀ ਪਹੁੰਚੀ। ਹਾਲਾਂਕਿ, ਇਹ ਟਰੇਨ ਦਿੱਲੀ ਦੇ ਨੇੜੇ ਗਾਜ਼ੀਆਬਾਦ ਤੱਕ ਸਿਰਫ਼ 20 ਮਿੰਟ ਦੀ ਦੇਰੀ ਨਾਲ ਪਹੁੰਚੀ ਸੀ, ਪਰ ਦਿੱਲੀ ਸਟੇਸ਼ਨ ਤੱਕ ਪਹੁੰਚਣ ਵਿੱਚ ਇਸ ਨੂੰ ਕਾਫ਼ੀ ਸਮਾਂ ਲੱਗਿਆ। ਇਸੇ ਤਰ੍ਹਾਂ ਹਾਵੜਾ ਤੋਂ ਚੱਲ ਕੇ ਨਵੀਂ ਦਿੱਲੀ ਆਉਣ ਵਾਲੀ ਪੂਰਵਾ ਐਕਸਪ੍ਰੈੱਸ ਵੀ ਕਰੀਬ 40 ਮਿੰਟ ਦੀ ਦੇਰੀ ਨਾਲ ਪਹੁੰਚੀ।

ਦਰਭੰਗਾ ਤੋਂ ਨਵੀਂ ਦਿੱਲੀ ਆਉਣ ਵਾਲੀ ਸਪੈਸ਼ਲ ਟਰੇਨ ਚਾਰ ਘੰਟੇ ਦੀ ਦੇਰੀ ਨਾਲ ਚੱਲ ਰਹੀ ਹੈ। ਖ਼ਬਰ ਲਿਖੇ ਜਾਣ ਤੱਕ ਇਹ ਟਰੇਨ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚੀ ਸੀ। ਇਸ ਟਰੇਨ ਨੇ ਸਵੇਰੇ 4:30 ਵਜੇ ਨਵੀਂ ਦਿੱਲੀ ਪਹੁੰਚਣਾ ਸੀ। ਉੱਧਰ, ਹਾਵੜਾ ਤੋਂ ਚੱਲ ਕੇ ਨਵੀਂ ਦਿੱਲੀ ਆਉਣ ਵਾਲੀ 04051 ਸਪੈਸ਼ਲ ਟਰੇਨ ਵੀ ਫ਼ ?ਲਹਾਲ 13 ਘੰਟੇ ਦੀ ਦੇਰੀ ਨਾਲ ਚੱਲ ਰਹੀ ਹੈ। ਇਸ ਟਰੇਨ ਨੇ ਸਵੇਰੇ 6 ਵਜੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਪਹੁੰਚਣਾ ਸੀ। ਹਾਲਾਂਕਿ, ਤਿਉਹਾਰਾਂ ਦੌਰਾਨ ਚਲਾਈਆਂ ਜਾਣ ਵਾਲੀਆਂ ਸਪੈਸ਼ਲ ਟਰੇਨਾਂ ਅਕਸਰ ਕਈ ਮੌਕਿਆਂ 'ਤੇ ਘੰਟਿਆਂ ਦੀ ਦੇਰੀ ਨਾਲ ਚੱਲਦੀਆਂ ਹਨ, ਪਰ ਐੱਨਸੀਆਰ ਇਲਾਕੇ ਵਿੱਚ ਛਾਈ ਧੁੰਦ ਕਾਰਨ ਰੇਲ ਸੇਵਾਵਾਂ ਉੱਤੇ ਇਸ ਦਾ ਹੋਰ ਵੀ ਵਿਆਪਕ ਅਸਰ ਪੈ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਅਗਲੇ ਕੁਝ ਘੰਟਿਆਂ ਵਿੱਚ ਇਹ ਤਸਵੀਰ ਹੋਰ ਸਪੱਸ਼ਟ ਹੋ ਜਾਵੇਗੀ ਕਿ ਉੱਤਰੀ ਭਾਰਤ ਵੱਲ ਆਉਣ ਵਾਲੀਆਂ ਟਰੇਨਾ ਉੱਤੇ ਧੁੰਦ ਦਾ ਕਿੰਨਾ ਅਸਰ ਪੈ ਰਿਹਾ ਹੈ।

ਪੰਜਾਬ ਵਿੱਚ ਵੀ ਕਈ ਥਾਂਈ ਹਵਾ ਪ੍ਰਦੂਸ਼ਨ ਵਧਿਆ

ਦਿੱਲੀ ਤੋਂ ਬਾਅਦ ਅਗਲੀ ਸਵੇਰ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਵੀ ਏਕਿਊਆਈ ਆਪਣੇ ਹੇਠਲੇ ਪੱਧਰ ਉੱਤੇ ਦਰਜ ਕੀਤਾ ਗਿਆ। ਸੈਂਟਰਲ ਪਲਿਊਸ਼ਨ ਕੰਟਰੋਲ ਬੋਰਡ ਮੁਤਾਬਕ 9 ਨਵੰਬਰ ਨੂੰ 9 ਵਜੇ ਅੰਮ੍ਰਿਤਸਰ ਵਿੱਚ ਏਕਿਊਆਈ 247 ਸੀ ਅਤੇ ਲੁਧਿਆਣਾ ਵਿੱਚ 303 ਦਰਜ ਕੀਤਾ ਗਿਆ। ਜੋ ਕਿ ਪਹਿਲਾਂ ਤੋਂ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ। ਮੰਡੀ ਗੋਬਿੰਦਗੜ੍ਹ ਵਿੱਚ ਵੀ ਏਕਿਊਆਈ 374 ਦਰਜ ਕੀਤਾ ਗਿਆ।

ਸਰਦੀਆਂ ਵਿੱਚ ਪ੍ਰਦੂਸ਼ਣ ਕਿਉਂ ਵਧਦਾ ਹੈ ?

ਦਿ ਐਨਰਜੀ ਐਂਡ ਰਿਸੋਰਸਿਜ਼ ਇੰਸਟੀਚਿਊਟ (ਟੀਈਆਰਆਈ) ਦੀ ਸੀਨੀਅਰ ਖੋਜਕਰਤਾ ਅਤੇ ਐਸੋਸੀਏਟ ਡਾਇਰੈਕਟਰ ਡਾਕਟਰ ਅੰਜੂ ਗੋਇਲ ਦਾ ਕਹਿਣਾ ਹੈ ਕਿ ਸਰਦੀਆਂ ਦੇ ਮੌਸਮ ਕਾਰਨ ਦਿੱਲੀ ਦੀ ਹਵਾ ਦੀ ਗੁਣਵੱਤਾ ਵਿਗੜਨ ਦਾ ਖ਼ਤਰਾ ਹਰ ਸਾਲ ਬਣਿਆ ਰਹੇਗਾ। ਵਾਹਨ, ਫੈਕਟਰੀਆਂ, ਉਸਾਰੀ ਪ੍ਰੋਜੈਕਟ ਅਤੇ ਕੂੜਾ ਸਾੜਨ ਨਾਲ ਸਾਲ ਭਰ ਹਵਾ ਵਿੱਚ ਧੂੰਆਂ ਅਤੇ ਧੂੜ ਛੱਡੀ ਜਾਂਦੀ ਹੈ। ਹਾਲਾਂਕਿ, ਗਰਮੀਆਂ ਅਤੇ ਸਰਦੀਆਂ ਵਿੱਚ ਇਸ ਪ੍ਰਦੂਸ਼ਣ ਦੇ ਫੈਲਣ ਦੀ ਦਰ ਇੱਕੋ ਜਿਹੀ ਨਹੀਂ ਹੁੰਦੀ। ਡਾਕਟਰ ਗੋਇਲ ਕਹਿੰਦੇ ਹਨ, ÷ਸਰਦੀਆਂ ਵਿੱਚ, ਜ਼ਮੀਨ ਦੇ ਨੇੜੇ ਦੀ ਹਵਾ ਅਕਸਰ ਠੰਡੀ ਹੁੰਦੀ ਹੈ ਅਤੇ ਉੱਪਰਲੀ ਹਵਾ ਗਰਮ ਹੁੰਦੀ ਹੈ। ਇਸ ਨਾਲ ਹੇਠਾਂ ਵਾਲੀ ਹਵਾ ਨੂੰ ਆਸਾਨੀ ਨਾਲ ਉੱਪਰ ਉੱਠਣਾ ਔਖਾ ਹੋ ਜਾਂਦਾ ਹੈ। ਜੇਕਰ ਹਵਾ ਦੀ ਗਤੀ ਵੀ ਘੱਟ ਹੋਵੇ, ਤਾਂ ਜ਼ਮੀਨ ਦੇ ਨੇੜੇ ਧੂੰਆਂ ਅਤੇ ਧੂੜ ਇਕੱਠੀ ਹੋਣ ਲੱਗ ਪੈਂਦੀ ਹੈ। ਹਵਾ ਕਿਸ ਪਾਸਿਓਂ ਚੱਲ ਰਹੀ ਹੈ, ਉਸ ਦੀ ਦਿਸ਼ਾ ਵੀ ਫ਼ਰਕ ਪਾਉਂਦੀ ਹੈ। ਜੇਕਰ ਹਵਾ ਦਿੱਲੀ ਵੱਲ ਉਨ੍ਹਾਂ ਇਲਾਕਿਆਂ ਤੋਂ ਵਗਦੀ ਹੈ ਜਿੱਥੇ ਪਰਾਲੀ ਸਾੜੀ ਜਾ ਰਹੀ ਹੈ, ਤਾਂ ਇਹ ਉਨ੍ਹਾਂ ਇਲਾਕਿਆਂ ਤੋਂ ਧੂੰਆਂ ਵੀ ਲਿਆ ਸਕਦੀ ਹੈ। ਡਾਕਟਰ ਗੋਇਲ ਦੇ ਅਨੁਸਾਰ, ਮੌਸਮ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਲਈ, ਸਰਕਾਰਾਂ ਨੂੰ ਉਨ੍ਹਾਂ ਖੇਤਰਾਂ ਵਿੱਚ ਪ੍ਰਦੂਸ਼ਣ ਘਟਾਉਣਾ ਚਾਹੀਦਾ ਹੈ ਜੋ ਸਾਲ ਭਰ ਧੂੰਆਂ ਅਤੇ ਧੂੜ ਛੱਡਦੇ ਹਨ।

ਦਿੱਲੀ ਦਾ ਪ੍ਰਦੂਸ਼ਣ ਕਿੱਥੋਂ ਆਉਂਦਾ ਹੈ ?

ਡਾਕਟਰ ਗੋਇਲ ਦੇ ਅਨੁਸਾਰ, ਦਿੱਲੀ ਦਾ ਪ੍ਰਦੂਸ਼ਣ ਸਿਰਫ਼ ਪਰਾਲੀ ਕਾਰਨ ਨਹੀਂ ਹੁੰਦਾ। ਉਨ੍ਹਾਂ ਦੀ ਖੋਜ ਵਿੱਚ ਸਾਹਮਣੇ ਆਇਆ ਕਿ ਖੇਤੀਬਾੜੀ ਅਮੋਨੀਆ ਪ੍ਰਦੂਸ਼ਣ 27 ਫ਼ੀਸਦ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ, ਇਸ ਤੋਂ ਬਾਅਦ ਵਾਹਨਾਂ ਅਤੇ ਆਵਾਜਾਈ ਦੇ ਹੋਰ ਸਾਧਨਾਂ ਦਾ 23 ਫ਼ੀਸਦ, ਕੂੜਾ ਅਤੇ ਲੱਕੜ ਵਰਗੀਆਂ ਸਮੱਗਰੀਆਂ ਨੂੰ ਸਾੜਨਾ 20 ਫ਼ੀਸਦ ਅਤੇ ਧੂੜ ਦਾ 17 ਫ਼ੀਸਦ ਯੋਗਦਾਨ ਹੈ। ਇਸ ਖੋਜ ਮੁਤਾਬਕ, ਕੁਝ ਬਰੀਕ ਕਣ ਧੂੰਏਂ ਅਤੇ ਧੂੜ ਦੇ ਨਾਲ ਸਿੱਧੇ ਹਵਾ ਵਿੱਚ ਰਲ਼ ਜਾਂਦੇ ਹਨ, ਜਦੋਂ ਕਿ ਕੁਝ ਹਵਾ ਵਿੱਚ ਵੱਖ-ਵੱਖ ਗੈਸਾਂ ਦੇ ਮਿਸ਼ਰਣ ਨਾਲ ਬਣਦੇ ਹਨ। ਡਾਕਟਰ ਗੋਇਲ ਦੇ ਅਨੁਸਾਰ, ਪਰਾਲੀ ਸਾੜਨ ਦੀ ਦਰ ਸਾਲਾਨਾ ਔਸਤ ਦਾ ਲਗਭਗ ਚਾਰ ਫ਼ੀਸਦ ਹੈ, ਹਾਲਾਂਕਿ ਇਸਦਾ ਪ੍ਰਭਾਵ ਕੁਝ ਖਾਸ ਦਿਨਾਂ 'ਤੇ ਕਾਫ਼ੀ ਜ਼ਿਆਦਾ ਹੋ ਸਕਦਾ ਹੈ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ (ਸੀਐੱਸਈ) ਦੇ ਅੰਕੜਿਆਂ ਅਨੁਸਾਰ, ਅਕਤੂਬਰ ਅਤੇ ਨਵੰਬਰ 2025 ਦੌਰਾਨ ਪਰਾਲੀ ਸਾੜਨ ਦਾ ਔਸਤ ਹਿੱਸਾ 4.2 ਫ਼ੀਸਦ ਸੀ। ਨਵੰਬਰ ਵਿੱਚ ਥੋੜ੍ਹੇ ਸਮੇਂ ਲਈ, ਇਹ ਵੱਧ ਕੇ 22 ਫ਼ੀਸਦ ਤੋਂ ਵੱਧ ਹੋ ਗਿਆ।

ਇਹ ਅੰਕੜੇ ਦਰਸਾਉਂਦੇ ਹਨ ਕਿ ਦਸੰਬਰ ਮਹੀਨੇ ਤੱਕ ਪਰਾਲੀ ਸਾੜਨ ਕਾਰਨ ਹੋਣ ਵਾਲੇ ਪ੍ਰਦੂਸ਼ਨ ਦਾ ਹਿੱਸਾ ਘੱਟ ਕੇ ਮਹਿਜ਼ 0.2 ਫ਼ੀਸਦ ਰਹਿ ਗਿਆ। ਫਿਰ ਵੀ, ਦਿੱਲੀ ਦੀ ਹਵਾ ਵਿੱਚ ਔਸਤ PM 2.5 ਗਾੜ੍ਹਾਪਣ 163 ਤੋਂ ਵਧ ਕੇ 210 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਿਆ। ਇਸਦਾ ਮਤਲਬ ਹੈ ਕਿ ਪਰਾਲੀ ਸਾੜਨ ਦਾ ਪ੍ਰਭਾਵ ਲਗਭਗ ਖਤਮ ਹੋਣ ਤੋਂ ਬਾਅਦ ਵੀ, ਦਿੱਲੀ ਦੀ ਹਵਾ ਬਦਤਰ ਹੋ ਗਈ ਸੀ। ਇਸਦਾ ਮਤਲਬ ਹੈ ਕਿ ਪਰਾਲੀ ਸਾੜਨਾ ਪ੍ਰਦੂਸ਼ਣ ਦਾ ਇੱਕ ਕਾਰਨ ਹੈ, ਪਰ ਇਹ ਦਿੱਲੀ ਦੀ ਮਾੜੀ ਹਵਾ ਦੀ ਗੁਣਵੱਤਾ ਦੀ ਪੂਰੀ ਕਹਾਣੀ ਇਸ ਨਾਲ ਨਹੀਂ ਸਮਝੀ ਜਾ ਸਕਦੀ। ਇਹ ਅੰਕੜੇ ਇੱਖ ਖੋਜ ਦੇ ਅੰਦਾਜਿਆਂ ਉੱਤੇ ਅਧਾਰਿਤ ਹਨ, ਇੱਕ ਦਿਨ ਦੇ ਪ੍ਰਦੂਸ਼ਣ ਦੇ ਸਿੱਧੇ ਅਨੁਮਾਨ ਨਹੀਂ।



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

ਇਜ਼ਰਾਈਲ ਵਿੱਚ ਨਵੀਂ ਸਰਕਾਰ ਬਣਾਉਣ ਦਾ ਜ਼ਿੰਮਾ ਚੁੱਕਣ ਵਾਲੇ ਗਾਦੀ ਆਇਜ਼ਨਕੋਟ ਸਾਹਮਣੇ ਇਹ ਚੁਣੌਤੀਆਂ ਹਨ

ਇਜ਼ਰਾਈਲੀ ਫ਼ੌਜ ਦੇ ਸਾਬਕਾ ਮੁਖੀ ਗਾਦੀ ਆਇਜ਼ਨਕੋਟ ਨੇ ਬਿਨਯਾਮਿਨ ਨੇਤਨਯਾਹੂ ਨੂੰ ਵੱਡੀ ਚੁਣੌਤੀ ਦਿੱਤੀ ਹੈ। ਨੇਤਨਯਾਹੂ ਪਿਛਲੇ ਕਰੀਬ ਤਿੰਨ ਦਹਾਕਿਆਂ ਦੌਰਾਨ ਜ਼ਿਆਦਾਤਰ ਸਮਾਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਰਹੇ ਹਨ। ਇਜ਼ਰਾਈਲ ਦੀ 120 ਮੈਂਬਰੀ ਸੰਸਦ ਵਿੱਚ ਸਰਕਾਰ ਬਣਾਉਣ ਲਈ ਘੱਟੋ-ਘੱਟ 61 ਸੰਸਦ ਮੈਂਬਰਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। ਦੱਸਿਆ ਜਾ ਰਿਹਾ ਹੈ ਕਿ ਆਇਜ਼ਨਕੋਟ ਨੂੰ ਛੇ ਸਿਆਸੀ ਪਾਰਟੀਆਂ ਦੇ ਕੁੱਲ 67 ਸੰਸਦ ਮੈਂਬਰਾਂ ਦਾ ਸਮਰਥਨ ਹਾਸਲ ਹੈ। ਇਜ਼ਰਾਈਲ ਵਿੱਚ ਨਵੀਂ ਸਰਕਾਰ ਦੇ ਗਠਨ ਦੀਆਂ ਕੋਸ਼ਿਸ਼ਾਂ ਦਰਮਿਆਨ ਅਰਬ ਸਿਆਸੀ ਪਾਰਟੀਆਂ ਨੇ ਸਾਬਕਾ ਫੌਜ ਮੁਖੀ ਗਾਦੀ ਆਇਜ਼ਨਕੋਟ ਦਾ ਸਮਰਥਨ ਕਰਨ ਦਾ ਫ਼ੈਸਲਾ ਕੀਤਾ ਹੈ। ਰਾਸ਼ਟਰਪਤੀ ਇਸਾਕ ਹਰਜ਼ੋਗ ਨੇ ਵੀ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ ਹੈ। ਗਾਦੀ ਆਇਜ਼ਨਕੋਟ ਕੋਲ ਹੁਣ ਨਵੀਂ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰਨ ਲਈ 28 ਦਿਨ ਹੋਣਗੇ। ਇਸ ਮਿਆਦ ਵਿੱਚ 14 ਦਿਨਾਂ ਦਾ ਸੰਭਾਵੀ ਵਾਧਾ ਵੀ ਸ਼ਾਮਲ ਹੈ। ਆਇਜ਼ਨਕੋਟ ਇਜ਼ਰਾਈਲੀ ਫ਼ੌਜ ਦੇ ਸਾਬਕਾ ਮੁਖੀ ਹਨ ਅਤੇ ਉਨ੍ਹਾਂ ਨੇ ਸਾਲ 2022 ਵਿੱਚ ਸਿਆਸਤ ਵਿੱਚ ਕਦਮ ਰੱਖਿਆ ਸੀ। 7 ਅਕਤੂਬਰ, 2023 ਨੂੰ ਹਮਾਸ ਵੱਲੋਂ ਇਸਰਾਈਲ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਉਹ ਨੇਤਨਯਾਹੂ ਦੀ ਜੰਗੀ ਕੈਬਨਿਟ ਵਿੱਚ ਵੀ ਸ਼ਾਮਲ ਹੋਏ ਸਨ। ਹਾਲਾਂਕਿ, ਬਾਅਦ ਵਿੱਚ ਉਹ ਨੇਤਨਯਾਹੂ ਦੇ ਆਲੋਚਕ ਬਣ ਗਏ। ਉਹ ਨੈਸ਼ਨਲ ਯੂਨਿਟੀ ਪਾਰਟੀ ਵੱਲੋਂ ਇਜ਼ਰਾਈਲ ਸੰਸਦ ਦੇ ਮੈਂਬਰ ਬਣੇ ਸਨ। ਬਾਅਦ ਵਿੱਚ ਉਨ੍ਹਾਂ ਨੇ ਇਹ ਪਾਰਟੀ ਛੱਡ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਪਾਰਟੀ ਨਾਲ ਉਨ੍ਹਾਂ ਦੇ ਵਿਚਾਰਧਾਰਕ ਮਤਭੇਦ ਸਨ।

ਪਿਛਲੇ ਸਾਲ ਵਿਰੋਧੀ ਧਿਰ ਦੇ ਹੋਰ ਪ੍ਰਮੁੱਖ ਆਗੂਆਂ ਤੋਂ ਵੱਖ ਹੋ ਕੇ ਉਨ੍ਹਾਂ ਨੇ ਆਪਣੀ ਮੱਧਮਾਰਗੀ ਪਾਰਟੀ 'ਯਾਸ਼ਰ' ਬਣਾਈ। 'ਯਾਸ਼ਰ' ਦਾ ਅਰਥ ਹੈ 'ਸਿੱਧਾ' ਜਾਂ 'ਇਮਾਨਦਾਰ'। ਗ਼ਾਜ਼ਾ ਜੰਗ ਵਿੱਚ ਆਪਣੇ ਪੁੱਤਰ ਅਤੇ ਦੋ ਭਤੀਜਿਆਂ ਨੂੰ ਗੁਆਉਣ ਵਾਲੇ ਆਇਜ਼ਨਕੋਟ ਨੇ ਚੋਣ ਪ੍ਰਚਾਰ ਦੌਰਾਨ ਆਪਣੇ ਫ਼ੌਜੀ ਪਿਛੋਕੜ 'ਤੇ ਜ਼ੋਰ ਦਿੱਤਾ ਸੀ। ਪਰ ਚੋਣਾਂ ਦੌਰਾਨ ਜਿਨ੍ਹਾਂ ਮੁੱਦਿਆਂ ਨੂੰ ਉਨ੍ਹਾਂ ਨੇ ਉਠਾਇਆ ਸੀ, ਉਨ੍ਹਾਂ ਵਿੱਚੋਂ ਕਈ ਹੁਣ ਉਨ੍ਹਾਂ ਦੇ ਸਾਹਮਣੇ ਚੁਣੌਤੀ ਬਣ ਸਕਦੇ ਹਨ। ਉਨ੍ਹਾਂ ਸਾਹਮਣੇ ਆਉਣ ਵਾਲੀਆਂ ਕੁਝ ਸੰਭਾਵੀ ਚੁਣੌਤੀਆਂ 'ਤੇ ਨਜ਼ਰ ਮਾਰਦੇ ਹਾਂ।

1. ਗੱਠਜੋੜ ਦੀ ਸਰਕਾਰ

ਇਜ਼ਰਾਈਲ ਵਿੱਚ ਹੋਈਆਂ ਚੋਣਾਂ ਵਿੱਚ ਕਾਰਜਕਾਰੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸੱਜੇ ਪੱਖੀ ਲਿਕੁਡ ਪਾਰਟੀ ਅਤੇ ਉਸ ਦੇ ਕੱਟੜ ਸੱਜੇ ਪੱਖੀ ਤੇ ਕੱਟੜ ਰੂੜੀਵਾਦੀ ਯਹੂਦੀ ਭਾਈਵਾਲਾਂ ਨੇ 120 ਮੈਂਬਰੀ ਸੰਸਦ ਵਿੱਚ 53 ਸੀਟਾਂ ਜਿੱਤੀਆਂ ਹਨ। ਜਦਕਿ ਆਇਜ਼ਨਕੋਟ ਦੀ ਮੱਧਮਾਰਗੀ ਯਾਸ਼ਰ ਪਾਰਟੀ ਅਤੇ ਉਨ੍ਹਾਂ ਦੇ ਗੱਠਜੋੜ ਦੀਆਂ ਤਿੰਨ ਹੋਰ ਯਹੂਦੀ ਵਿਰੋਧੀ ਪਾਰਟੀਆਂ ਨੂੰ 48 ਸੀਟਾਂ ਮਿਲੀਆਂ ਹਨ।

ਇਸ ਤਰ੍ਹਾਂ ਸਰਕਾਰ ਚਲਾਉਣ ਲਈ ਆਇਜ਼ਨਕੋਟ ਨੂੰ ਅਰਬ ਪਾਰਟੀਆਂ ਦੇ ਸਮਰਥਨ ਦੀ ਲੋੜ ਹੋਵੇਗੀ। ਇਜ਼ਰਾਈਲ ਦੇ ਸਿਆਸੀ ਹਾਲਾਤ ਵਿੱਚ ਅਜਿਹੀ ਸਰਕਾਰ ਚਲਾਉਣੀ ਸੌਖੀ ਨਹੀਂ ਹੋਵੇਗੀ, ਜੋ ਅਰਬ ਪਾਰਟੀਆਂ ਦੇ ਸਮਰਥਨ 'ਤੇ ਟਿਕੀ ਹੋਵੇ। ਇਸ ਦਾ ਕਾਰਨ ਇਹ ਹੈ ਕਿ ਅਰਬ ਪਾਰਟੀਆਂ ਉਨ੍ਹਾਂ ਦੇ ਕਈ



ਵਾਅਦਿਆਂ ਅਤੇ ਪੁਰਾਣੇ ਰੁਖ਼ 'ਤੇ ਰੋਕ ਲਗਾ ਸਕਦੀਆਂ ਹਨ। ਦੂਜੇ ਪਾਸੇ, ਆਇਜ਼ਨਕੋਟ ਸਿਆਸਤ ਵਿੱਚ ਨਵੇਂ ਹਨ ਅਤੇ ਗੁੰਝਲਦਾਰ ਸਿਆਸੀ ਹਾਲਾਤ ਦਾ ਹੱਲ ਲੱਭਣਾ ਉਨ੍ਹਾਂ ਲਈ ਆਸਾਨ ਨਹੀਂ ਹੋਵੇਗਾ।

2. ਇਜ਼ਰਾਈਲ ਦੀ ਸੁਰੱਖਿਆ

ਬਤੌਰ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਕਸਰ ਖ਼ੁਦ ਨੂੰ ਦੇਸ਼ ਦੇ ਰਖਵਾਲੇ ਵਜੋਂ ਪੇਸ਼ ਕਰਦੇ ਰਹੇ ਹਨ। ਨੇਤਨਯਾਹੂ ਹਮੇਸ਼ਾ ਈਰਾਨ ਨੂੰ ਯਹੂਦੀ ਸ਼ਾਸਨ (ਇਜ਼ਰਾਈਲ) ਲਈ ਸਭ ਤੋਂ ਵੱਡਾ ਖ਼ਤਰਾ ਦੱਸਦੇ ਰਹੇ ਹਨ। 28 ਫਰਵਰੀ, 2026 ਨੂੰ ਇਜ਼ਰਾਈਲ ਅਤੇ ਅਮਰੀਕਾ ਨੇ ਮਿਲ ਕੇ ਈਰਾਨ 'ਤੇ ਹਮਲੇ ਕੀਤੇ ਸਨ। ਇਨ੍ਹਾਂ ਹਮਲਿਆਂ ਤੋਂ ਬਾਅਦ ਮੱਧ ਪੂਰਬ ਦੇ ਹਾਲਾਤ ਵਿਗੜ ਗਏ ਹਨ ਅਤੇ ਇਸ ਖੇਤਰ ਦੀ ਸੁਰੱਖਿਆ ਨੂੰ ਲੈ ਕੇ ਵੱਡੀ ਚਿੰਤਾ ਪੈਦਾ ਹੋ ਗਈ ਹੈ। ਇਸ ਸੰਘਰਸ਼ ਵਿੱਚ ਹੁਣ ਤੱਕ ਅਮਰੀਕਾ ਅਤੇ ਈਰਾਨ ਵਿਚਾਲੇ ਕੋਈ ਸਮਝੌਤਾ ਨਹੀਂ ਹੋਇਆ ਹੈ। ਅਜਿਹੇ ਵਿੱਚ ਇਜ਼ਰਾਈਲ ਸਾਹਮਣੇ ਉਹ ਕਥਿਤ ਖ਼ਤਰਾ ਅਜੇ ਵੀ ਬਰਕਰਾਰ ਹੈ, ਜਿਸ ਦਾ ਜ਼ਿਕਰ ਨੇਤਨਯਾਹੂ ਕਰਦੇ ਰਹੇ ਹਨ। ਆਇਜ਼ਨਕੋਟ ਸਾਹਮਣੇ ਈਰਾਨ ਦੇ ਮੁੱਦੇ ਨਾਲ ਨਜਿੱਠਣਾ ਇੱਕ ਵੱਡੀ ਚੁਣੌਤੀ ਹੋਵੇਗੀ। ਰਾਸ਼ਟਰਪਤੀ ਹਰਜ਼ੋਗ ਦੇ ਫ਼ੈਸਲੇ ਦੇ ਐਲਾਨ ਤੋਂ ਇੱਕ ਘੰਟਾ ਪਹਿਲਾਂ ਕਾਰਜਕਾਰੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਚੇਤਾਵਨੀ ਦਿੱਤੀ ਸੀ ਕਿ 'ਵਿਰੋਧੀ ਪਾਰਟੀਆਂ ਅਤੇ ਅਰਬ ਪਾਰਟੀਆਂ ਵਿਚਾਲੇ ਸੰਭਾਵੀ ਗੱਠਜੋੜ ਦੇਸ਼ ਦੇ ਪਤਨ ਦਾ ਕਾਰਨ ਬਣੇਗਾ।' ਬੀਬੀਸੀ ਫ਼ਾਰਸੀ ਮੁਤਾਬਕ, ਨੇਤਨਯਾਹੂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ, ÷ਇਸਲਾਮਵਾਦੀਆਂ ਨਾਲ ਜੁੜੀ ਅਜਿਹੀ ਸਰਕਾਰ ਇਜ਼ਰਾਈਲ ਨੂੰ ਅੰਦਰੋਂ ਹੀ ਟੁਕੜੇ-ਟੁਕੜੇ ਕਰ ਦੇਵੇਗੀ, ਜਿਵੇਂ ਕਿ ਯੂਰਪੀ ਦੇਸ਼ਾਂ ਵਿੱਚ ਹੋ ਰਿਹਾ ਹੈ। ਇਸ ਨਾਲ ਇਸ ਤੋਂ ਵੀ ਬਦਤਰ ਹਾਲਾਤ ਪੈਦਾ ਹੋ ਸਕਦੇ ਹਨ।÷ ਯਾਨੀ ਸੰਭਾਵੀ ਸਰਕਾਰ ਬਣਨ ਤੋਂ ਪਹਿਲਾਂ ਹੀ ਨੇਤਨਯਾਹੂ ਨੇ ਇਜ਼ਰਾਈਲ ਦੇ ਭਵਿੱਖ ਨੂੰ ਲੈ ਕੇ ਲੋਕਾਂ ਨੂੰ ਸੰਦੇਸ਼ ਦੇਣਾ ਸ਼ੁਰੂ ਕਰ ਦਿੱਤਾ ਹੈ।

3. ਅਮਰੀਕਾ ਦੀਆਂ ਮਿਡਟਰਮ ਚੋਣਾਂ ਦਾ ਅਸਰ

ਅਮਰੀਕਾ ਵਿੱਚ ਹੋਈਆਂ ਮਿਡਟਰਮ ਚੋਣਾਂ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੀ ਹਾਰ ਦਾ ਅਸਰ ਇਜ਼ਰਾਈਲ 'ਤੇ ਵੀ ਪੈ ਸਕਦਾ ਹੈ। ਇਨ੍ਹਾਂ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਆਪਣਾ ਬਹੁਮਤ ਗੁਆ ਚੁੱਕੀ ਹੈ। ਕਈ ਲੋਕਾਂ ਦਾ ਮੰਨਣਾ ਹੈ ਕਿ ਟਰੰਪ ਦੀ ਪਾਰਟੀ ਦੇ ਇਸ ਮਾੜੇ ਪ੍ਰਦਰਸ਼ਨ ਦਾ ਸਭ ਤੋਂ ਵੱਡਾ ਕਾਰਨ ਈਰਾਨ ਜੰਗ ਰਹੀ ਹੈ। ਈਰਾਨ ਵੀ ਕਈ ਵਾਰ ਇਹ ਕਹਿ ਚੁੱਕਾ ਹੈ ਕਿ ਅਮਰੀਕਾ ਇਜ਼ਰਾਈਲ ਲਈ ਈਰਾਨ ਨਾਲ ਜੰਗ ਲੜ ਰਿਹਾ ਹੈ ਅਤੇ ਇਸ ਦਾ ਬੋਝ ਅਮਰੀਕੀਆਂ 'ਤੇ ਪਾਇਆ ਜਾ ਰਿਹਾ ਹੈ। ਚੋਣਾਂ ਤੋਂ ਬਾਅਦ ਬਦਲੇ ਹੋਏ ਹਾਲਾਤ ਵਿੱਚ ਜੇਕਰ ਅਮਰੀਕਾ ਈਰਾਨ ਜੰਗ ਬਾਰੇ ਆਪਣੇ ਰੁਖ਼ ਵਿੱਚ ਬਦਲਾਅ ਕਰਦਾ ਹੈ ਤਾਂ ਇਸ ਨਾਲ ਇਜ਼ਰਾਈਲ ਵਿੱਚ ਸੁਰੱਖਿਆ ਦੀ ਭਾਵਨਾ ਪ੍ਰਭਾਵਿਤ ਹੋ ਸਕਦੀ ਹੈ। ਇਸ ਤਰ੍ਹਾਂ ਨਾ ਸਿਰਫ਼ ਇਜ਼ਰਾਈਲ ਦੇ ਸਿਆਸੀ ਸਮੀਕਰਨ, ਸਗੋਂ ਉਸ ਤੋਂ ਸੈਂਕੜੇ ਕਿਲੋਮੀਟਰ ਦੂਰ ਸਥਿਤ ਅਮਰੀਕਾ ਦੇ ਕਦਮ ਵੀ ਆਇਜ਼ਨਕੋਟ ਲਈ ਚੁਣੌਤੀ ਬਣ ਸਕਦੇ ਹਨ।

4. ਨੇਤਨਯਾਹੂ ਨਾਲ ਮੁਕਾਬਲਾ

ਹਾਲ ਹੀ ਦੇ ਸਾਲਾਂ ਵਿੱਚ ਨੇਤਨਯਾਹੂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨਾਲ ਘਿਰੇ ਰਹੇ ਹਨ। ਉਹ ਇਨ੍ਹਾਂ ਇਲਜ਼ਾਮਾਂ ਤੋਂ ਇਨਕਾਰ ਕਰਦੇ ਹਨ। 7 ਅਕਤੂਬਰ, 2023 ਦੇ ਹਮਲਿਆਂ ਨਾਲ ਨਜਿੱਠਣ ਦੇ ਉਨ੍ਹਾਂ ਦੇ ਤਰੀਕੇ ਦੀ ਵੀ ਆਲੋਚਨਾ ਹੋਈ ਹੈ। ਇਸ ਤੋਂ ਇਲਾਵਾ, ਨਿਆਂਪਾਲਿਕਾ ਵਿੱਚ ਵੱਡੇ ਬਦਲਾਅ ਕਰਨ ਦੀ ਉਨ੍ਹਾਂ ਦੀ ਵਿਵਾਦਤ ਯੋਜਨਾ ਕਾਰਨ ਦੇਸ਼ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ ਸਨ। ਪਰ ਨੇਤਨਯਾਹੂ ਇਜ਼ਰਾਈਲ ਦੀ ਸਿਆਸਤ ਦੇ ਇੱਕ ਮਾਹਰ ਖਿਡਾਰੀ ਹਨ ਅਤੇ ਉਹ ਆਇਜ਼ਨਕੋਟ ਲਈ ਚੁਣੌਤੀ ਬਣੇ ਰਹਿਣਗੇ। ਰਾਸ਼ਟਰਪਤੀ ਹਰਜ਼ੋਗ ਦੇ ਫ਼ੈਸਲੇ ਦੇ ਐਲਾਨ ਤੋਂ ਇੱਕ ਘੰਟਾ ਪਹਿਲਾਂ ਕਾਰਜਕਾਰੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਚੇਤਾਵਨੀ ਦਿੱਤੀ ਸੀ ਕਿ 'ਵਿਰੋਧੀ ਪਾਰਟੀਆਂ ਅਤੇ ਅਰਬ ਪਾਰਟੀਆਂ ਵਿਚਾਲੇ ਸੰਭਾਵੀ ਗੱਠਜੋੜ ਦੇਸ਼ ਦੇ ਪਤਨ ਦਾ ਕਾਰਨ ਬਣੇਗਾ।' ਬੀਬੀਸੀ ਫ਼ਾਰਸੀ ਮੁਤਾਬਕ, ਨੇਤਨਯਾਹੂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ, ÷ਇਸਲਾਮਵਾਦੀਆਂ ਨਾਲ ਜੁੜੀ ਅਜਿਹੀ ਸਰਕਾਰ ਇਜ਼ਰਾਈਲ ਨੂੰ ਅੰਦਰੋਂ ਹੀ ਟੁਕੜੇ-ਟੁਕੜੇ ਕਰ ਦੇਵੇਗੀ, ਜਿਵੇਂ ਕਿ ਯੂਰਪੀ ਦੇਸ਼ਾਂ ਵਿੱਚ ਹੋ ਰਿਹਾ ਹੈ। ਇਸ ਨਾਲ ਇਸ ਤੋਂ ਵੀ ਬਦਤਰ ਹਾਲਾਤ ਪੈਦਾ ਹੋ ਸਕਦੇ ਹਨ।÷ ਯਾਨੀ ਸੰਭਾਵੀ ਸਰਕਾਰ ਬਣਨ ਤੋਂ ਪਹਿਲਾਂ ਹੀ ਨੇਤਨਯਾਹੂ ਨੇ ਇਜ਼ਰਾਈਲ ਦੇ ਭਵਿੱਖ ਨੂੰ ਲੈ ਕੇ ਲੋਕਾਂ ਨੂੰ ਸੰਦੇਸ਼ ਦੇਣਾ ਸ਼ੁਰੂ ਕਰ ਦਿੱਤਾ ਹੈ।

5. ਦੁਨੀਆ ਨਾਲ ਇਜ਼ਰਾਈਲ ਦੇ ਸਬੰਧ

ਬੈਂਜਾਮਿਨ ਨੇਤਨਯਾਹੂ ਦੇ ਕਾਰਜਕਾਲ ਦੌਰਾਨ 7 ਅਕਤੂਬਰ, 2023 ਨੂੰ ਇਜ਼ਰਾਈਲੀ ਇਲਾਕਿਆਂ ਵਿੱਚ ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਵੱਡੀ ਫ਼ੌਜੀ ਕਾਰਵਾਈ ਕੀਤੀ ਹੈ। ਇਸ ਦੌਰਾਨ ਇਜ਼ਰਾਈਲ ਦੀ ਫ਼ੌਜੀ ਕਾਰਵਾਈ ਵਿੱਚ ਹਜ਼ਾਰਾਂ ਬੇਗੁਨਾਹ ਲੋਕ ਵੀ ਮਾਰੇ ਗਏ ਹਨ। ਇਜ਼ਰਾਈਲ ਦੀ ਫ਼ੌਜੀ ਕਾਰਵਾਈ ਦੀ ਦੁਨੀਆ ਦੇ ਕਈ ਦੇਸ਼ਾਂ ਨੇ ਆਲੋਚਨਾ ਕੀਤੀ ਹੈ ਅਤੇ ਕਈ ਦੇਸ਼ਾਂ ਨਾਲ ਉਸ ਦੇ ਸਬੰਧ ਵੀ ਵਿਗੜੇ ਹਨ। ਇਜ਼ਰਾਈਲ ਨੂੰ ਇਨ੍ਹਾਂ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਜੇਕਰ ਆਇਜ਼ਨਕੋਟ ਇਸ ਦਿਸ਼ਾ ਵਿੱਚ ਅੱਗੇ ਵਧਦੇ ਹਨ ਤਾਂ ਉਨ੍ਹਾਂ ਨੂੰ ਕਈ ਅਜਿਹੀਆਂ ਨੀਤੀਆਂ ਅਪਣਾਉਣੀਆਂ ਪੈ ਸਕਦੀਆਂ ਹਨ, ਜੋ ਦੇਸ਼ ਦੀ ਸੱਜੇ ਪੱਖੀ ਸਿਆਸਤ ਨੂੰ ਨਾਰਾਜ਼ ਕਰ ਸਕਦੀਆਂ ਹਨ।

6. ਅਰਬ ਪਾਰਟੀਆਂ ਦੀਆਂ ਉਮੀਦਾਂ

ਜੇਕਰ ਅਰਬ ਪਾਰਟੀਆਂ ਨੇ ਉਨ੍ਹਾਂ ਦੀ ਸਰਕਾਰ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ ਤਾਂ ਇਜ਼ਰਾਈਲ ਵਿੱਚ ਰਹਿਣ ਵਾਲੇ ਅਰਬ ਨਾਗਰਿਕਾਂ ਦੇ ਹੱਕਾਂ ਅਤੇ ਉਨ੍ਹਾਂ ਦੇ ਆਪਣੇ ਮੁੱਦਿਆਂ ਨੂੰ ਲੈ ਕੇ ਇਨ੍ਹਾਂ ਪਾਰਟੀਆਂ ਦੀਆਂ ਕੁਝ ਉਮੀਦਾਂ ਵੀ ਹੋ ਸਕਦੀਆਂ ਹਨ। ਇਨ੍ਹਾਂ ਵਿੱਚ ਅਰਬ ਪਾਰਟੀਆਂ ਦੇ ਇਲਾਕਿਆਂ ਵਿੱਚ ਨਵੇਂ ਘਰਾਂ ਦੀ ਉਸਾਰੀ ਨੂੰ ਸੌਖਾ ਬਣਾਉਣਾ, ਅਰਬ ਬਹੁਗਿਣਤੀ ਵਾਲੇ ਕਸਬਿਆਂ ਵਿੱਚ ਸੁਰੱਖਿਆ ਅਤੇ ਹੋਰ ਸਹੂਲਤਾਂ ਲਈ ਬਜਟ ਦੀ ਮੰਗ ਵੀ ਸ਼ਾਮਲ ਹੋ ਸਕਦੀ ਹੈ। ਈਰਾਨ ਨਾਲ ਜੰਗ ਅਤੇ ਲਿਬਨਾਨ ਦੇ ਹਿਜ਼ਬੁੱਲਾ ਨਾਲ ਲਗਾਤਾਰ ਜਾਰੀ ਸੰਘਰਸ਼ ਦਰਮਿਆਨ ਇਜ਼ਰਾਈਲ ਲਈ ਕਿਸੇ ਨਵੀਂ ਯੋਜਨਾ ਅਤੇ ਬਜਟ 'ਤੇ ਕੰਮ ਕਰਨਾ ਆਸਾਨ ਨਹੀਂ ਹੋਵੇਗਾ।

7. ਗਾਜ਼ਾ ਵਿੱਚ ਇਜ਼ਰਾਈਲ ਦੀ ਫ਼ੌਜੀ ਮੁਹਿੰਮ

ਆਇਜ਼ਨਕੋਟ ਦੇ ਰੁਖ਼ ਤੋਂ ਲੱਗਦਾ ਹੈ ਕਿ ਫਲਸਤੀਨ, ਗਾਜ਼ਾ, ਵੈਸਟ ਬੈਂਕ ਅਤੇ ਹਮਾਸ ਵਰਗੇ ਮੁੱਦਿਆਂ ਨਾਲ ਜੁੜੀਆਂ ਨੀਤੀਆਂ ਦੇ ਮਾਮਲੇ ਵਿੱਚ ਉਹ ਨੇਤਨਯਾਹੂ ਤੋਂ ਬਹੁਤੇ ਵੱਖਰੇ ਨਹੀਂ ਹਨ। ਪਰ ਅਰਬ ਪਾਰਟੀਆਂ ਦੀ ਮੰਗ ਹੋ ਸਕਦੀ ਹੈ ਕਿ ਗਾਜ਼ਾ ਵਿੱਚ ਇਜ਼ਰਾਈਲ ਦੀ ਫ਼ੌਜੀ ਮੁਹਿੰਮ ਰੋਕੀ ਜਾਵੇ। ਜੇਕਰ ਆਇਜ਼ਨਕੋਟ ਹਮਾਸ ਜਾਂ ਗਾਜ਼ਾ ਨੂੰ ਲੈ ਕੇ ਕੋਈ ਫ਼ੈਸਲਾ ਕਰਦੇ ਹਨ ਤਾਂ ਉਨ੍ਹਾਂ ਦੀਆਂ ਹੋਰ ਸੱਜੇ ਪੱਖੀ ਸਹਿਯੋਗੀ ਪਾਰਟੀਆਂ ਇਸ ਦੇ ਵਿਰੋਧ ਵਿੱਚ ਖੜ੍ਹੀਆਂ ਹੋ ਸਕਦੀਆਂ ਹਨ। ਦੂਜੇ ਪਾਸੇ, ਆਇਜ਼ਨਕੋਟ ਦੇ ਅਜਿਹੇ ਕਿਸੇ ਵੀ ਕਦਮ ਨਾਲ ਹੀ ਨੇਤਨਯਾਹੂ ਸਰਗਰਮ ਹੋ ਸਕਦੇ ਹਨ ਅਤੇ ਆਇਜ਼ਨਕੋਟ ਦੀ ਸਰਕਾਰ ਲਈ ਖ਼ਤਰਾ ਪੈਦਾ ਹੋ ਸਕਦਾ ਹੈ।



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

ਕੈਨੇਡਾ 'ਚ ਬੇਘਰ ਲੋਕਾਂ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਸਰਕਾਰ ਅਗਲੇ 10 ਸਾਲਾਂ ਵਿੱਚ ਖ਼ਰਚੇਗੀ 30 ਅਰਬ ਡਾਲਰ

2,500 ਨਵੇਂ ਘਰ ਬਣਾਉਣ ਦਾ ਟੀਚਾ; ਮਾਨਸਿਕ ਸਿਹਤ ਅਤੇ ਨਸ਼ਾ-ਮੁਕਤੀ ਸੇਵਾਵਾਂ ਸ਼ਾਮਲ



ਵਿੰਨੀਪੈੱਗ : ਕੈਨੇਡਾ ਵਿੱਚ ਬਿਨਾਂ ਘਰਾਂ ਤੋਂ ਰਹਿ ਰਹੇ ਲੋਕਾਂ ਦੀ ਮੁਸ਼ਕਿਲ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਨੇ ਅਗਲੇ 10 ਸਾਲਾਂ ਵਿੱਚ ਕਰੀਬ 30 ਅਰਬ ਡਾਲਰ ਖ਼ਰਚਣ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦਾ ਮੁੱਖ ਮਕਸਦ ਦੇਸ਼ ਵਿੱਚੋਂ ਬੇਘਰ ਹੋਣ ਦੀ ਸਮੱਸਿਆ ਨੂੰ ਖ਼ਤਮ ਕਰਨਾ ਅਤੇ ਗ਼ਰੀਬ ਤੇ ਲੋੜਵੰਦ ਲੋਕਾਂ ਨੂੰ ਰਹਿਣ ਲਈ ਘਰ ਦੇਣ ਦੇ ਨਾਲ-ਨਾਲ ਸਿਹਤ ਅਤੇ ਹੋਰ ਜ਼ਰੂਰੀ ਸਹੂਲਤਾਂ ਦੇਣਾ ਹੈ।

ਇਸ ਯੋਜਨਾ ਦੀ ਸ਼ੁਰੂਆਤ ਮੈਨੀਟੋਬਾ ਤੋਂ ਕੀਤੀ ਗਈ ਹੈ। ਕਾਰਨੀ ਨੇ ਵਿੰਨੀਪੈੱਗ ਵਿੱਚ ਪ੍ਰੀਮੀਅਰ ਵੈਬ ਕਿਨਿਊ ਅਤੇ ਮੇਅਰ ਸਕੌਟ ਗਿਲਿੰਘਮ ਦੀ ਮੌਜੂਦਗੀ ਵਿੱਚ ਇੱਕ ਅਰਬ ਡਾਲਰ ਤੋਂ ਵੱਧ ਦੇ ਨਵੇਂ ਨਿਵੇਸ਼ ਦਾ ਐਲਾਨ ਕੀਤਾ। ਇਹ ਫ਼ੈਡਰਲ ਅਤੇ ਸੂਬਾਈ ਸਰਕਾਰਾਂ ਦੀ ਸਾਂਝੀ ਯੋਜਨਾ ਹੈ, ਜਿਸ ਵਿੱਚ ਵਿੰਨੀਪੈੱਗ ਸ਼ਹਿਰ ਵੀ ਜ਼ਮੀਨ ਅਤੇ ਯੋਜਨਾਬੰਦੀ ਰਾਹੀਂ ਯੋਗਦਾਨ ਪਾਵੇਗਾ। ਇਹ ਸਾਰੀ ਰਕਮ ਸਿੱਧੇ ਸ਼ਹਿਰ ਨੂੰ ਨਹੀਂ ਦਿੱਤੀ ਜਾਵੇਗੀ।

ਮੈਨੀਟੋਬਾ ਲਈ ਐਲਾਨੀ ਰਕਮ ਵਿੱਚੋਂ 800 ਮਿਲੀਅਨ ਡਾਲਰ ਤੋਂ ਵੱਧ ਨਾਲ 2,000 ਤੋਂ ਵੱਧ ਸਹਾਇੱਕ ਅਤੇ ਅਸਥਾਈ ਰਿਹਾਇਸ਼ੀ ਇੱਕਾਈਆਂ ਬਣਾਈਆਂ ਜਾਣਗੀਆਂ। ਇਨ੍ਹਾਂ ਵਿੱਚ ਬੇਘਰ ਲੋਕਾਂ ਅਤੇ ਬੇਘਰ ਹੋਣ ਦੇ ਖ਼ਤਰੇ ਹੇਠ ਰਹਿ ਰਹੇ ਪਰਿਵਾਰਾਂ ਨੂੰ ਰਹਿਣ ਦੀ ਸਹੂਲਤ ਮਿਲੇਗੀ। ਪਹਿਲਾਂ ਮਨਜ਼ੂਰ ਕੀਤੇ ਪ੍ਰਾਜੈਕਟਾਂ ਨੂੰ ਵੀ ਸ਼ਾਮਲ ਕਰਨ ਨਾਲ ਵਿੰਨੀਪੈੱਗ ਵਿੱਚ ਕੁੱਲ 2,500 ਨਵੇਂ ਘਰ ਬਣਾਉਣ ਦਾ ਟੀਚਾ ਹੈ।ਇਸ ਤੋਂ ਇਲਾਵਾ 200 ਮਿਲੀਅਨ ਡਾਲਰ ਤੋਂ ਵੱਧ ਦੀ ਲਾਗਤ ਨਾਲ ਵਿੰਨੀਪੈੱਗ ਵਿੱਚ ਸੈਂਟਰ ਫ਼ੌਰ ਮੈਂਟਲ ਹੈੱਲਥ ਐਂਡ ਐਡਿਕਸ਼ਨਜ਼ ਸਥਾਪਤ ਕੀਤਾ ਜਾਵੇਗਾ। ਇੱਥੇ ਮਾਨਸਿਕ ਸਿਹਤ ਸਮੱਸਿਆਵਾਂ ਅਤੇ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਲੋਕਾਂ ਨੂੰ ਇਲਾਜ, ਰਿਹਾਇਸ਼ ਅਤੇ ਸਮਾਜਿਕ ਸਹਾਇਤਾ ਮਿਲੇਗੀ। ਇਸ ਕੇਂਦਰ ਦੇ ਲੱਗਭਗ 3 ਸਾਲਾਂ ਵਿੱਚ ਚਾਲੂ ਹੋਣ ਦੀ ਉਮੀਦ ਹੈ, ਜਦਕਿ ਇਸ ਦੀ ਸਹੀ ਥਾਂ ਅਜੇ ਤੈਅ ਨਹੀਂ ਕੀਤੀ ਗਈ।ਮੈਨੀਟੋਬਾ ਸਰਕਾਰ ਨਵੇਂ ਘਰਾਂ ਦੇ ਰੋਜ਼ਾਨਾ ਪ੍ਰਬੰਧ ਅਤੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਦੇਣ ਦੀ ਜ਼ਿੰਮੇਵਾਰੀ ਨਿਭਾਏਗੀ। ਪ੍ਰੀਮੀਅਰ ਵੈਬ ਕਿਨਿਊ ਨੇ ਇਸ ਨਿਵੇਸ਼ ਨੂੰ ਸੂਬੇ ਲਈ ਪੀੜ੍ਹੀਆਂ ਵਿੱਚ ਇੱਕ ਵਾਰ ਮਿਲਣ ਵਾਲਾ ਮੌਕਾ ਦੱਸਿਆ। ਸੂਬਾ ਸਰਕਾਰ ਨੇ 2031 ਤਕ ਲੰਮੇ ਸਮੇਂ ਤੋਂ ਬਿਨਾਂ ਘਰਾਂ ਤੋਂ ਰਹਿ ਰਹੇ ਲੋਕਾਂ ਦੀ ਸਮੱਸਿਆ ਖ਼ਤਮ ਕਰਨ ਦਾ ਟੀਚਾ ਰੱਖਿਆ ਹੈ।

ਫ਼ੈਡਰਲ ਅੰਕੜਿਆਂ ਅਨੁਸਾਰ 2025 ਵਿੱਚ ਵਿੰਨੀਪੈੱਗ 'ਚ ਇੱਕ ਰਾਤ ਕੀਤੇ ਸਰਵੇਖਣ ਦੌਰਾਨ 2,469 ਲੋਕ ਬੇਘਰ ਪਾਏ ਗਏ ਸਨ। ਇਨ੍ਹਾਂ ਵਿੱਚੋਂ ਲੱਗਭਗ 68 ਫ਼ੀਸਦੀ ਲੰਮੇ ਸਮੇਂ ਤੋਂ ਬੇਘਰ ਸਨ, ਜਦਕਿ ਤਕਰੀਬਨ 80 ਫ਼ੀਸਦੀ ਨੇ ਆਪਣੀ ਪਛਾਣ ਮੂਲਵਾਸੀ ਭਾਈਚਾਰੇ ਨਾਲ ਸਬੰਧਤ ਦੱਸੀ ਸੀ। ਦੇਸ਼ ਭਰ ਵਿੱਚ ਇਸੇ ਸਾਲ ਲੱਗਭਗ 65,000 ਲੋਕ ਬੇਘਰ ਸਨ।

'ਟਰੰਪ ਨੂੰ ਮਾਰਨ ਦਾ ਮਿਲਿਆ ਸੀ ਆਦੇਸ਼ !'

ਹਥਿਆਰਾਂ ਸਣੇ ਵ੍ਹਾਈਟ ਹਾਊਸ ਨੇੜਿਓਂ ਗ਼ੈਰ-ਕਾਨੂੰਨੀ ਪ੍ਰਵਾਸੀ ਗ੍ਰਿਫ਼ਤਾਰ

ਵਾਸ਼ਿੰਗਟਨ : ਅਮਰੀਕੀ ਦੀ ਖ਼ੁਫ਼ੀਆ ਸੇਵਾ 'ਸੀਕ੍ਰੇਟ ਸਰਵਿਸ' ਨੇ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ 'ਵ੍ਹਾਈਟ ਹਾਊਸ' ਦੇ ਨੇੜੇ ਇੱਕ ਵਾਹਨ 'ਚੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਵਿਰੁੱਧ ਦੋਸ਼ ਤੈਅ ਕੀਤੇ ਹਨ। ਗ੍ਰਿਫ਼ਤਾਰ ਵਿਅਕਤੀ ਤੋਂ ਬੰਦੂਕਾਂ ਵੀ ਬਰਾਮਦ ਕੀਤੀਆਂ ਗਈਆਂ ਹਨ। 'ਸੀਕ੍ਰੇਟ ਸਰਵਿਸ' ਦੇ ਅਨੁਸਾਰ, ਸ਼ੱਕੀ ਨੇ ਦਾਅਵਾ ਕੀਤਾ ਕਿ ਉਸ ਨੂੰ ਅਜਿਹੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ, ਜੋ ਉਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੱਤਿਆ ਕਰਨ ਲਈ ਕਹਿੰਦੀਆਂ ਸਨ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਇੱਕ ਬਿਆਨ ਦੇ ਅਨੁਸਾਰ, 'ਸੀਕ੍ਰੇਟ ਸਰਵਿਸ' ਦੇ ਅਧਿਕਾਰੀਆਂ ਨੇ ਇੱਕ ਖੜ੍ਹੀ ਕਾਰ ਵਿੱਚ ਮੌਜੂਦ ਵਿਅਕਤੀਆਂ ਦੀਆਂ ਸ਼ੱਕੀ ਗਤੀਵਿਧੀਆਂ ਦੇਖੀਆਂ ਅਤੇ ਉਸ ਤੋਂ ਪੁੱਛਗਿੱਛ ਕੀਤੀ, ਜਿਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ, ਸ਼ੱਕੀ ਦੀ ਪਛਾਣ ਰੋਨੀ ਯੋਰਡ੍ਰਿਕਸ ਗੁਆਨੀਪਾ ਕ੍ਰਿਨੋਸ ਵਜੋਂ ਹੋਈ ਹੈ। ਉਸਨੇ ਕਿਹਾ ਕਿ ਉਸ ਨੂੰ ਅਜਿਹੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ, ਜੋ ਉਸ ਨੂੰ ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਜਾਣ ਅਤੇ ਰਾਸ਼ਟਰਪਤੀ ਟਰੰਪ ਦੀ ਹੱਤਿਆ ਕਰਨ ਲਈ ਕਹਿੰਦੀਆਂ ਸਨ। ਇਸ ਤੋਂ ਥੋੜ੍ਹੀ ਦੇਰ ਬਾਅਦ, ਅਧਿਕਾਰੀਆਂ ਨੂੰ ਪਤਾ ਲੱਗਾ ਕਿ ਸ਼ੱਕੀ ਜਿਸ ਗੱਡੀ ਵਿੱਚ ਬੈਠਾ ਸੀ, ਉਸ ਦੀ ਚੋਰੀ ਦੀ ਸ਼ਿਕਾਇਤ ਦਰਜ ਕਰਾਈ ਗਈ ਸੀ। ਉਸ ਕੋਲੋਂ 3 ਬੰਦੂਕਾਂ ਅਤੇ ਦਰਜਨਾਂ ਗੋਲਾ ਬਾਰੂਦ ਵੀ ਬਰਾਮਦ ਕੀਤਾ ਗਿਆ ਹੈ। ਬਿਆਨ ਵਿੱਚ ਕ੍ਰਿਨੋਸ ਨੂੰ ਵੈਨੇਜ਼ੂਏਲਾ ਦਾ ਇੱਕ ਪ੍ਰਵਾਸੀ ਦੱਸਿਆ ਗਿਆ ਹੈ, ਜੋ ਮਾਰਚ 2024 ਵਿੱਚ ਟੈਕਸਾਸ ਰਾਹੀਂ ਅਮਰੀਕਾ ਵਿੱਚ ਦਾਖਲ ਹੋਇਆ ਸੀ ਅਤੇ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤ ਰਹਿ ਰਿਹਾ ਸੀ। ਗ੍ਰਹਿ ਮੰਤਰਾਲਾ ਨੇ ਕਿਹਾ ਕਿ ਕ੍ਰਿਨੋਸ ਵਿਰੁੱਧ ਦੋਸ਼ ਦਾਇਰ ਕੀਤੇ ਗਏ ਹਨ ਅਤੇ ਉਹ ਇਸ ਸਮੇਂ ਯੂ.ਐੱਸ. ਮਾਰਸ਼ਲ ਸਰਵਿਸ ਦੀ ਹਿਰਾਸਤ ਵਿੱਚ ਹੈ। ਵ੍ਹਾਈਟ ਹਾਊਸ ਨੇ ਇਸ ਮਾਮਲੇ 'ਤ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਦੁਨੀਆ ਦੇ 50 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ 'ਚੋਂ ਭਾਰਤ ਦੇ 49 ਸ਼ਹਿਰ

ਨਵੀਂ ਦਿੱਲੀ : ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ 50 ਸ਼ਹਿਰਾਂ ਵਿੱਚੋਂ 49 ਭਾਰਤ ਦੇ ਹਨ। ਏਕਿਊਆਈ ਡਾਟ ਇਨ ਦੇ ਅੰਕੜਿਆਂ ਮੁਤਾਬਕ ਅੱਜ ਸਵੇਰੇ 9.54 ਵਜੇ ਰਾਜਸਥਾਨ ਦਾ ਸ੍ਰੀਗੰਗਾਨਗਰ 821 ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਨਾਲ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦਰਜ ਕੀਤਾ ਗਿਆ। ਇਸ ਸੂਚੀ ਵਿੱਚ ਭਾਰਤ ਤੋਂ ਇਲਾਵਾ ਸਿਰਫ਼ ਪਾਕਿਸਤਾਨ ਦਾ ਲਾਹੌਰ ਸ਼ਾਮਲ ਸੀ, ਜਿੱਥੇ ਏਕਿਊਆਈ 430 ਦਰਜ ਕੀਤਾ ਗਿਆ ਅਤੇ ਉਹ 14ਵੇਂ ਸਥਾਨ 'ਤੇ ਰਿਹਾ। ਦੀਵਾਲੀ ਤੋਂ ਬਾਅਦ ਦਿੱਲੀ ਤੋਂ ਲੈ ਕੇ ਮੱਧ ਪ੍ਰਦੇਸ਼ ਤੱਕ ਹਵਾ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਬਣੀ ਹੋਈ ਹੈ। ਮੰਗਲਵਾਰ ਸਵੇਰੇ 6 ਵਜੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਏਕਿਊਆਈ 400 ਤੋਂ ਪਾਰ ਦਰਜ ਕੀਤਾ ਗਿਆ, ਜਦਕਿ ਰਾਜਧਾਨੀ ਦੇ ਕਈ ਹੋਰ ਇਲਾਕਿਆਂ ਵਿੱਚ ਵੀ ਇਹ 300 ਤੋਂ ਵੱਧ ਰਿਹਾ। ਮੱਧ ਪ੍ਰਦੇਸ਼ ਦੇ ਭੋਪਾਲ ਅਤੇ ਉਜੈਨ ਤੋਂ ਇਲਾਵਾ ਹਰਿਆਣਾ ਦੇ ਬਹਾਦਰਗੜ੍ਹ ਵਿੱਚ ਵੀ ਏਕਿਊਆਈ 400 ਤੋਂ ਪਾਰ ਪਹੁੰਚ ਗਿਆ। ਉੱਤਰ ਪ੍ਰਦੇਸ਼ ਦੇ ਨੋਇਡਾ ਵਿੱਚ ਏਕਿਊਆਈ 332, ਬੁਲੰਦਸ਼ਹਿਰ ਵਿੱਚ 331 ਅਤੇ ਗਾਜ਼ੀਆਬਾਦ ਵਿੱਚ 324 ਦਰਜ ਕੀਤਾ ਗਿਆ। ਇਸ ਦੌਰਾਨ ਮੱਧ ਪ੍ਰਦੇਸ਼ ਵਿੱਚ ਰਾਤ ਦਾ ਤਾਪਮਾਨ ਡਿੱਗ ਕੇ 11 ਡਿਗਰੀ ਸੈਲਸੀਅਸ ਅਤੇ ਉੱਤਰ ਪ੍ਰਦੇਸ਼ ਵਿੱਚ 15 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਹਵਾ ਦੀ ਗੁਣਵੱਤਾ ਦੇ ਮਾਪਦੰਡਾਂ ਮੁਤਾਬਕ 201 ਤੋਂ 300 ਤੱਕ ਏਕਿਊਆਈ ਨੂੰ ਖ਼ਰਾਬ, 301 ਤੋਂ 400 ਤੱਕ ਬਹੁਤ ਖ਼ਰਾਬ ਅਤੇ 401 ਤੋਂ 500 ਤੱਕ ਗੰਭੀਰ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਗੰਭੀਰ ਪ੍ਰਦੂਸ਼ਣ ਦਾ ਅਸਰ ਸਿਰਫ਼ ਬਿਮਾਰ ਲੋਕਾਂ 'ਤੇ ਹੀ ਨਹੀਂ, ਸਗੋਂ ਤੰਦਰੁਸਤ ਵਿਅਕਤੀਆਂ ਦੀ ਸਿਹਤ 'ਤੇ ਵੀ ਪੈ ਸਕਦਾ ਹੈ।

ਬਲਾਤਕਾਰ ਤੇ ਜਿਣਸੀ ਸ਼ੋਸ਼ਣ ਦੇ ਮਾਮਲਿਆਂ 'ਚ ਬ੍ਰਿਟਿਸ਼ ਅਦਾਕਾਰ ਦੋਸ਼ੀ ਕਰਾਰ

ਲੰਡਨ : ਬ੍ਰਿਟੇਨ ਦੀ ਇੱਕ ਅਦਾਲਤ ਨੇ 51 ਸਾਲਾ ਮਸ਼ਹੂਰ ਬ੍ਰਿਟਿਸ਼ ਕਾਮੇਡੀਅਨ ਅਤੇ ਅਦਾਕਾਰ ਰਸਲ ਬ੍ਰਾਂਡ ਨੂੰ ਬਲਾਤਕਾਰ ਦੇ ਇੱਕ ਮਾਮਲੇ ਅਤੇ ਜਿਣਸੀ ਸ਼ੋਸ਼ਣ ਦੇ 3 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਹੈ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਤੁਰੰਤ ਬਾਅਦ ਬ੍ਰਾਂਡ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਉਨ੍ਹਾਂ ਨੂੰ ਸਜ਼ਾ ਸੁਣਾਈ ਜਾਵੇਗੀ।

ਰਸਲ ਬ੍ਰਾਂਡ 'ਤ ਸਾਲ 1999 ਤੋਂ 2009 ਦੇ ਵਿੱਚਕਾਰ 6 ਔਰਤਾਂ ਵਲੋਂ ਲਗਾਏ ਗਏ ਦੋਸ਼ਾਂ ਦੇ ਆਧਾਰ 'ਤੇ ਬਲਾਤਕਾਰ ਦੇ 3 ਮਾਮਲਿਆਂ, ਜਿਣਸੀ ਸ਼ੋਸ਼ਣ ਦੇ 3 ਮਾਮਲਿਆਂ ਅਤੇ ਅਸ਼ਲੀਲ ਕੋਸ਼ਿਸ਼ ਦੇ 1 ਮਾਮਲੇ ਤਹਿਤ ਮੁਕੱਦਮਾ ਚੱਲ ਰਿਹਾ ਸੀ। ਅਦਾਲਤੀ ਕਾਰਵਾਈ ਦੌਰਾਨ ਬ੍ਰਾਂਡ ਨੇ ਇਹ ਸਵੀਕਾਰ ਕੀਤਾ ਕਿ ਉਹ ਅਤੀਤ ਵਿੱਚ 'ਲਾਪ੍ਰਵਾਹ' ਰਹੇ ਸਨ ਅਤੇ ਉਨ੍ਹਾਂ ਨੇ ਆਪਣੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਆਪਣੀ ਪ੍ਰਸਿੱਧੀ ਦਾ ਇਸਤੇਮਾਲ ਕੀਤਾ ਸੀ। ਹਾਲਾਂਕਿ, ਬ੍ਰਾਂਡ ਨੇ ਅਦਾਲਤ ਵਿੱਚ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਸਾਰੇ ਸਬੰਧ ਆਪਸੀ ਸਹਿਮਤੀ ਨਾਲ ਬਣੇ ਸਨ ਅਤੇ ਉਨ੍ਹਾਂ ਨੇ ਕਦੇ ਵੀ ਕਿਸੇ ਔਰਤ ਨੂੰ ਉਸ ਦੀ ਇੱਛਾ ਦੇ ਵਿਰੁੱਧ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਨਹੀਂ ਕੀਤਾ। ਮੁਕੱਦਮੇ ਦੀ ਸੁਣਵਾਈ ਦੌਰਾਨ ਬ੍ਰਾਂਡ ਦੀ ਪਤਨੀ ਲੌਰਾ ਬ੍ਰਾਂਡ ਨੇ ਵੀ ਬਚਾਅ ਪੱਖ ਦੀ ਗਵਾਹ ਵਜੋਂ ਅਦਾਲਤ ਵਿੱਚ ਗਵਾਹੀ ਦਿੱਤੀ ਅਤੇ ਆਪਣੇ ਸ਼ੁਰੂਆਤੀ ਸਬੰਧਾਂ ਬਾਰੇ ਬਿਆਨ ਦਰਜ ਕਰਵਾਇਆ।

ਬ੍ਰਾਂਡ ਨੇ ਆਪਣੇ 'ਤ ਲੱਗੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ, ਜਿਸ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਬਲਾਤਕਾਰ ਦੇ 2 ਹੋਰ ਮਾਮਲਿਆਂ ਅਤੇ ਅਸ਼ਲੀਲ ਕੋਸ਼ਿਸ਼ ਦੇ ਇੱਕ ਦੋਸ਼ ਤੋਂ ਬਰੀ ਕਰ ਦਿੱਤਾ।

ਮੋਦੀ ਨੇ ਦੇਸ਼ ਵਾਸੀਆਂ ਨੂੰ ਗੋਵਰਧਨ ਪੂਜਾ ਦੀਆਂ ਦਿੱਤੀਆਂ ਵਧਾਈਆਂ, ਸੁੱਖ-ਸ਼ਾਂਤੀ ਦੀ ਕੀਤੀ ਕਾਮਨਾ

ਨਵੀਂ ਦਿੱਲੀ, 10 ਨਵੰਬਰ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਦੇਸ਼ ਵਾਸੀਆਂ ਨੂੰ ਗੋਵਰਧਨ ਪੂਜਾ ਦੇ ਮੌਕੇ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਪਵਿੱਤਰ ਤਿਉਹਾਰ ਸਾਰਿਆਂ ਦੇ ਜੀਵਨ ਵਿੱਚ ਨਵੀਂ ਊਰਜਾ, ਉਤਸ਼ਾਹ, ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲੈ ਕੇ ਆਵੇਗਾ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਸੰਦੇਸ਼ ਵਿੱਚ ਪੀਐੱਮ ਮੋਦੀ ਨੇ ਕਿਹਾ, 'ਸਾਰੇ ਦੇਸ਼ ਵਾਸੀਆਂ ਨੂੰ ਗੋਵਰਧਨ ਪੂਜਾ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਇਹ ਪਵਿੱਤਰ ਤਿਉਹਾਰ ਤੁਹਾਡੇ ਜੀਵਨ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਭਰੇ। ਮੈਂ ਕਾਮਨਾ ਕਰਦਾ ਹਾਂ ਕਿ ਸਾਰਿਆਂ ਦੇ ਜੀਵਨ ਵਿੱਚ ਖੁਸ਼ੀ, ਸ਼ੁਭਕਾਮਨਾਵਾਂ ਅਤੇ ਖੁਸ਼ਹਾਲੀ ਵਧਦੀ ਰਹੇ।' ਪ੍ਰਧਾਨ ਮੰਤਰੀ ਨੇ ਆਪਣੀਆਂ ਸ਼ੁਭਕਾਮਨਾਵਾਂ ਦੇ ਨਾਲ ਭਗਵਾਨ ਕ੍ਰਿਸ਼ਨ ਦਾ ਇੱਕ ਸੰਸਕ੍ਰਿਤ ਸ਼ਬਦ ਵੀ ਸਾਂਝਾ ਕੀਤਾ। ਇਹ ਭਗਵਾਨ ਕ੍ਰਿਸ਼ਨ ਦੇ 'ਗੋਵਰਧਨ-ਧਾਰੀ' ਰੂਪ ਦੀ ਯਾਦ ਦਿਵਾਉਂਦਾ ਹੈ – ਉਹ ਰੂਪ ਜਿਸ ਵਿੱਚ ਉਸਨੇ ਗੋਵਰਧਨ ਪਹਾੜ ਨੂੰ ਆਪਣੀ ਛੋਟੀ ਉਂਗਲੀ 'ਤੇ ਚੁੱਕਿਆ ਸੀ ਤਾਂ ਜੋ ਵ੍ਰਜ ਦੇ ਨਿਵਾਸੀਆਂ ਨੂੰ ਤੇਜ਼ ਬਾਰਿਸ਼ ਤੋਂ ਬਚਾਇਆ ਜਾ ਸਕੇ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379

Website: www.preetnama.com Email preetnamausa@gmail.com

13 NOV TO 19 NOV., 2026

No body have time to watch TV Advertisement
No body have time to read Physical newspapers


It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

DOORS OPEN
6:30 PM

SAPPHIRE
ENTERTAINMENT

GENERAL
ADMISSION
$65

GENERATIONS
LIVE IN
NEW YORK

Music Connects Generations

DIFFERENT
VOICES
SAME
EMOTIONS

RAGABOYZ
9th Generation of Patiala Gharana

SHAE GILL
Globally Famous Pasoori Voice

With
DJ KUCHA

SUNDAY • NOVEMBER 15
THE SPACE AT WESTBURY
250 POST AVE, WESTBURY, NY 11590
TICKETS: $65 • $100 • $150 • $200 • ELITE

BOOKING & INFO

ASIM
516-835-3003

ARTI MAJITHIA
516-413-9009

SONIA SODHI
917-698-0997

SAPPHIRE
516-786-5005

Powered By TA | Sulekha | ARY DIGITAL NETWORK TV PARTNER | SANJHA USA | Hum Hindustani | PUNJAB NOW WWW.SASLOOW.TV | Youk Always A Good Idea

GLOBAL PUNJAB | DESI AMERICA | PREETNAMA KHARA SACH Preetnama.Tv | Df | RADIO ZINDAGI WWW.DO PARTNER | jus broadcasting

ਹਫਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
****
Jaswinder Singh New Jersey
****
Mindi Manak
NewYork
****
Jagjit Singh Dasuya
****
Gurmeet Singh Dhalwan
Chicago
****
G. S Singh Punjab
****
Sujan Nag, USA
****
Dr. Jagdeep Dhimaan, India
****
Sarabjit Kaur Punjab
****
Sukhmandar Brar
(Bhagata Bhaika) Vancouver,

****
Sunil Kumar Gund
(Journalist) India
****
Raj Rani
Video editor
****
Jagmeet Kaur
97817-41631
****

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਚੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

ਤਰਕ ਤੋਂ ਅਣਜਾਣ, ਵਹਿਮਾਂ ਦੇ ਗੁਲਾਮ

ਕੁਲਬੀਰ ਸ਼ਰਮਾ

ਘਰਾਂ ਵਿੱਚ ਬਚਪਨ ਤੋਂ ਹੀ ਕਈ ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵੱਡੇ ਹੁੰਦੇ-ਹੁੰਦੇ ਆਪਣੀ ਆਦਤ ਦਾ ਹਿੱਸਾ ਬਣਾ ਲੈਂਦੇ ਹਾਂ। ਕਦੇ ਕਿਹਾ ਜਾਂਦਾ ਹੈ ਕਿ ਮੰਜਾ ਪੁੱਠਾ ਨਾ ਕਰੋ, ਕਦੇ ਰਾਤ ਨੂੰ ਨਹੁੰ ਨਾ ਕੱਟਣ ਦੀ ਹਦਾਇਤ ਮਿਲਦੀ ਹੈ ਅਤੇ ਕਦੇ ਬਿੱਲੀ ਦੇ ਰਾਹ ਕੱਟ ਜਾਣ 'ਤੇ ਕੁਝ ਸਮਾਂ ਰੁਕਣ ਲਈ ਆਖਿਆ ਜਾਂਦਾ ਹੈ। ਜਦੋਂ ਇਨ੍ਹਾਂ ਗੱਲਾਂ ਦਾ ਕਾਰਨ ਪੁੱਛਿਆ ਜਾਵੇ ਤਾਂ ਅਕਸਰ ਜਵਾਬ ਮਿਲਦਾ ਹੈ, ''ਬੱਸ, ਇੰਝ ਨਹੀਂ ਕਰਨਾ ਚਾਹੀਦਾ ਜਾਂ ਕੁਝ ਮਾੜਾ ਹੋ ਸਕਦਾ ਹੈ।'' ਹੌਲੀ-ਹੌਲੀ ਇਹ ਗੱਲਾਂ ਸਾਡੀ ਸੋਚ ਦਾ ਹਿੱਸਾ ਬਣ ਜਾਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਅਸੀਂ ਇਨ੍ਹਾਂ ਗੱਲਾਂ ਬਾਰੇ ਕਿਸੇ ਸਿਆਣੇ ਬਜ਼ੁਰਗ ਨਾਲ ਚਰਚਾ ਕਰਦੇ ਹਾਂ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਦੇ ਤਜਰਬੇ ਵਿੱਚੋਂ ਬਹੁਤ ਕੁਝ ਸਿੱਖਿਆ ਹੁੰਦਾ ਹੈ, ਤਾਂ ਇਨ੍ਹਾਂ ਪਿੱਛੇ ਲੁਕੇ ਕਾਰਨ ਕਈ ਵਾਰ ਬਿਲਕੁਲ ਵੱਖਰੇ ਨਿਕਲਦੇ ਹਨ। ਸਾਡੇ ਪੁਰਾਣੇ ਸਮਿਆਂ ਦੀਆਂ ਇਨ੍ਹਾਂ ਗੱਲਾਂ ਪਿੱਛੇ ਕੋਈ ਨਾ ਕੋਈ ਠੋਸ ਤਰਕ, ਵਜ ?ਹਾ ਜਾਂ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਦਾ ਮਕਸਦ ਹੁੰਦਾ ਸੀ। ਪਰ ਅਸੀਂ ਅਸਲ ਵਜ ?ਹਾ ਨੂੰ ਤਾਂ ਇੱਕ ਪਾਸੇ ਰੱਖ ਦਿੱਤਾ ਅਤੇ ਕੇਵਲ ਵਹਿਮ ਨੂੰ ਆਪਣੇ ਸਿਰ 'ਤੇ ਚੁੱਕ ਲਿਆ।

ਪੁਰਾਣੇ ਪੰਜਾਬ ਦਾ ਰਹਿਣ-ਸਹਿਣ ਅੱਜ ਨਾਲੋਂ ਕਾਫ਼ੀ ਵੱਖਰਾ ਸੀ। ਕੱਚੇ ਘਰ, ਮਿੱਟੀ ਦੇ ਵਿਹੜੇ, ਦੀਵਿਆਂ ਦਾ ਚਾਨਣ, ਦੂਰੋਂ ਪਾਣੀ ਭਰ ਕੇ ਲਿਆਉਣਾ ਅਤੇ ਖੇਤੀਬਾੜੀ ਲਈ ਪਸ਼ੂਆਂ ਉੱਤੇ ਨਿਰਭਰਤਾ ਆਮ ਗੱਲ ਸੀ। ਅੱਜ ਜਿਹੜੀਆਂ ਸਹੂਲਤਾਂ ਸਾਡੇ ਲਈ ਰੋਜ਼ਾਨਾ ਜੀਵਨ ਦਾ ਹਿੱਸਾ ਹਨ, ਉਹ ਉਸ ਸਮੇਂ ਹਰ ਕਿਸੇ ਕੋਲ ਨਹੀਂ ਸਨ। ਇਸ ਲਈ ਉਸ ਦੌਰ ਵਿੱਚ ਲੋਕ ਆਪਣੇ ਤਜਰਬੇ ਦੇ ਆਧਾਰ 'ਤੇ ਕੁਝ ਨਿਯਮ ਬਣਾਉਂਦੇ ਸਨ, ਤਾਂ ਜੋ ਰੋਜ਼ਾਨਾ ਦੇ ਕੰਮਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਬਚਿਆ ਜਾ ਸਕੇ।

ਅਕਸਰ ਘਰਾਂ ਵਿੱਚ ਮੰਜਾ ਪੁੱਠਾ ਕਰਨ ਤੋਂ ਰੋਕਿਆ ਜਾਂਦਾ ਹੈ ਅਤੇ ਇਸ ਨੂੰ ਬਦਸ਼ਗਨੀ ਮੰਨ ਲਿਆ ਜਾਂਦਾ ਹੈ। ਅਸਲ ਵਿੱਚ ਪੁਰਾਣੇ ਸਮਿਆਂ ਵਿੱਚ ਘਰ ਕੱਚੇ ਹੁੰਦੇ ਸਨ, ਜਿਸ ਕਾਰਨ ਵਿਹੜਿਆਂ ਵਿੱਚ ਸੱਪ, ਸਲੂਤੀ, ਬਿੱਛੂ ਅਤੇ ਹੋਰ ਕਈ ਤਰ੍ਹਾਂ ਦੇ ਜੀਵ-ਜੰਤੂ ਆਮ ਦੇਖਣ ਨੂੰ ਮਿਲਦੇ ਸਨ। ਉਸ ਵੇਲੇ ਮੰਜੇ ਲੀਰਾਂ ਦੀਆਂ ਰੱਸੀਆਂ ਜਾਂ ਹੋਰ ਰੇਸ਼ਿਆਂ ਨਾਲ ਬੁਣੇ ਜਾਂਦੇ ਸਨ। ਜਦੋਂ ਮੰਜਾ ਪੁੱਠਾ ਖੜ੍ਹਾ ਕੀਤਾ ਜਾਂਦਾ ਤਾਂ ਉਸ ਦੀਆਂ ਤੰਦਾਂ ਅਤੇ ਬਣਤਰ ਕਾਰਨ ਛੋਟੇ ਜੀਵਾਂ ਲਈ ਉੱਪਰ ਚੜ੍ਹਨਾ ਅਤੇ ਉੱਥੇ ਲੁਕ ਕੇ ਬੈਠਣਾ ਸੌਖਾ ਹੋ ਸਕਦਾ ਸੀ। ਮੰਜੇ ਦੇ ਰੰਗ ਨਾਲ ਰਲਮਿਲ ਜਾਣ ਕਾਰਨ ਉਹ ਆਸਾਨੀ ਨਾਲ ਦਿਖਾਈ ਵੀ ਨਹੀਂ ਦਿੰਦੇ ਸਨ। ਅਜਿਹੇ ਵਿੱਚ ਜਦੋਂ ਘਰ ਦੇ ਬੱਚੇ ਜਾਂ ਹੋਰ ਪਰਿਵਾਰਕ ਮੈਂਬਰ ਮੰਜਾ ਡਾਹੁੰਦੇ ਤਾਂ ਉਨ੍ਹਾਂ ਨੂੰ ਕਿਸੇ ਜੀਵ ਦੇ ਡੰਗ ਮਾਰਨ ਦਾ ਖ਼ਤਰਾ ਰਹਿੰਦਾ ਸੀ। ਮੰਜੇ ਨੂੰ ਸਿੱਧਾ ਖੜ੍ਹਾ ਕਰਨ ਨਾਲ ਉਸ ਦੀ ਦੌਣ ਵਾਲਾ ਪਾਸਾ ਹੇਠਾਂ ਰਹਿੰਦਾ ਅਤੇ ਬੁਣਿਆ ਹੋਇਆ ਹਿੱਸਾ ਉੱਪਰ ਵੱਲ ਹੋ ਜਾਂਦਾ ਸੀ। ਦੌਣ ਵਿਰਲੀ ਹੋਣ ਕਾਰਨ ਜੀਵਾਂ ਲਈ ਉੱਪਰ ਚੜ੍ਹਨਾ ਔਖਾ ਹੁੰਦਾ ਸੀ ਅਤੇ ਜੇਕਰ ਕੋਈ ਜੀਵ ਉੱਥੇ ਮੌਜੂਦ ਹੁੰਦਾ ਤਾਂ ਉਸ ਨੂੰ ਦੇਖਣਾ ਵੀ ਸੌਖਾ ਰਹਿੰਦਾ ਸੀ। ਇਸ ਤਰ੍ਹਾਂ ਮੰਜੇ ਨੂੰ ਪੁੱਠਾ ਖੜ੍ਹਾ ਨਾ ਕਰਨ ਪਿੱਛੇ ਘਰ ਦੇ ਮੈਂਬਰਾਂ, ਖ਼ਾਸ ਕਰਕੇ ਬੱਚਿਆਂ ਦੀ ਸੁਰੱਖਿਆ ਦਾ ਇੱਕ ਕਾਰਨ ਸੀ। ਪਰ ਸਮੇਂ ਦੇ ਨਾਲ ਇਸ ਸਾਵਧਾਨੀ ਦਾ ਅਸਲ ਮਕਸਦ ਪਿੱਛੇ ਰਹਿ ਗਿਆ ਅਤੇ ਅੱਜ ਕਈ ਥਾਵਾਂ 'ਤੇ ਇਸ ਨੂੰ ਵਹਿਮ-ਭਰਮ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਇਸੇ ਤਰ੍ਹਾਂ ਅੱਜਕੱਲ੍ਹ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਸਿਰ ਧੋਣਾ ਜਾਂ ਕੱਪੜੇ ਧੋਣਾ ਮਾੜਾ ਮੰਨਿਆ ਜਾਂਦਾ ਹੈ। ਪਰ ਪੁਰਾਣੇ ਸਮਿਆਂ ਵਿੱਚ ਔਰਤਾਂ ਨੂੰ ਦੂਰ-ਦੂਰ ਤੋਂ ਪਾਣੀ ਭਰ ਕੇ ਲਿਆਉਣਾ ਪੈਂਦਾ ਸੀ। ਘਰ ਦੇ ਬਾਕੀ ਸਾਰੇ ਕੰਮ-ਕਾਜ ਅਤੇ ਪਰਿਵਾਰ ਦੀ ਦੇਖਭਾਲ ਦੇ ਨਾਲ ਰੋਜ਼ਾਨਾ ਭਾਰੀ ਮਾਤਰਾ ਵਿੱਚ ਪਾਣੀ ਢੋਣਾ ਅਤੇ ਕੱਪੜੇ ਧੋਣਾ ਬਹੁਤ ਮੁਸ਼ਕਲ ਹੁੰਦਾ ਸੀ। ਉਨ੍ਹਾਂ ਦੀ ਜ਼ਿੰਦਗੀ ਨੂੰ ਸੁਖਾਲਾ ਕਰਨ ਅਤੇ ਥਕਾਵਟ ਤੋਂ ਰਾਹਤ ਦੇਣ ਲਈ ਵਿਚਕਾਰ ਇੱਕ ਦਿਨ ਦਾ ਵਕਫ਼ਾ ਰੱਖਿਆ ਜਾਂਦਾ ਸੀ। ਜਿਵੇਂ ਸੋਮਵਾਰ ਨੂੰ ਧੋ ਲਏ ਤਾਂ ਮੰਗਲਵਾਰ ਨੂੰ ਨਾ ਧੋਵੋ ਅਤੇ ਬੁੱਧਵਾਰ ਨੂੰ ਧੋ ਲਏ ਤਾਂ ਵੀਰਵਾਰ ਨੂੰ ਨਾ ਧੋਵੋ। ਇਹ ਨਿਯਮ ਔਰਤਾਂ ਨੂੰ ਆਰਾਮ ਦੇਣ ਦੇ ਮਕਸਦ ਨਾਲ ਬਣਾਇਆ ਗਿਆ ਸੀ, ਜਿਸ ਨੂੰ ਅਸੀਂ ਅੱਜ ਦਿਨਾਂ ਦੇ ਵਹਿਮ ਵਿੱਚ ਬਦਲ ਦਿੱਤਾ ਹੈ।

ਸਾਉਣ ਦੇ ਮਹੀਨੇ ਵਿੱਚ ਮੰਜਾ ਬੁਣਨ ਤੋਂ ਪਰਹੇਜ਼ ਕਰਨ ਪਿੱਛੇ ਵੀ ਮੌਸਮ ਨਾਲ ਜੁੜਿਆ ਇੱਕ ਕਾਰਨ ਸੀ। ਸਾਉਣ ਦੇ ਮਹੀਨੇ ਹਵਾ ਵਿੱਚ ਨਮੀ ਬਹੁਤ ਜ਼ਿਆਦਾ ਹੁੰਦੀ ਹੈ। ਇਸ ਮੌਸਮ ਵਿੱਚ ਬੁਣਿਆ ਹੋਇਆ ਵਾਂ ਜਦੋਂ ਅਗਲੇ ਖੁਸ਼ਕ ਮਹੀਨਿਆਂ ਵਿੱਚ ਸੁੱਕਦਾ ਹੈ ਤਾਂ ਉਹ ਸੁੰਗੜ ਜਾਂਦਾ ਹੈ ਅਤੇ ਮੰਜਾ ਢਿੱਲਾ ਪੈ ਜਾਂਦਾ ਹੈ। ਇਸ ਨਾਲ ਮੰਜੇ ਨੂੰ ਵਾਰ-ਵਾਰ ਕੱਸਣਾ ਪੈਂਦਾ ਸੀ। ਇਸੇ ਖੱਜਲ-ਖੁਆਰੀ ਤੋਂ ਬਚਣ ਲਈ ਸਾਉਣ ਵਿੱਚ ਮੰਜਾ ਬੁਣਨ ਤੋਂ ਰੋਕਿਆ ਜਾਂਦਾ ਸੀ।

ਜਦੋਂ ਬਿੱਲੀ ਰਸਤਾ ਕੱਟ ਜਾਵੇ ਤਾਂ ਅਸੀਂ ਅਕਸਰ ਆਪਣਾ ਕੰਮ ਰੋਕ ਦਿੰਦੇ ਹਾਂ। ਪੁਰਾਣੇ ਸਮਿਆਂ ਵਿੱਚ ਸਾਡੇ ਆਉਣ-ਜਾਣ ਅਤੇ ਖੇਤੀਬਾੜੀ ਦੇ ਮੁੱਖ ਸਾਧਨ ਬਲਦ, ਊਠ ਜਾਂ ਘੋੜੇ ਹੁੰਦੇ ਸਨ। ਬਿੱਲੀ ਬਹੁਤ ਤੇਜ਼ ਦੌੜਨ ਵਾਲਾ ਜਾਨਵਰ ਹੈ। ਰਾਤ ਦੇ ਸਮੇਂ ਜਦੋਂ ਬਿੱਲੀ ਅੱਗੋਂ ਲੰਘਦੀ ਸੀ ਤਾਂ ਉਸ ਦੀਆਂ ਚਮਕਦੀਆਂ ਅੱਖਾਂ ਦੇਖ ਕੇ ਅੱਗੇ ਜੋਤੇ ਹੋਏ ਪਸ਼ੂ ਡਰ ਜਾਂਦੇ ਸਨ ਅਤੇ ਬੇਕਾਬੂ ਹੋ ਕੇ ਭੱਜ ਪੈਂਦੇ ਸਨ, ਜਿਸ ਨਾਲ ਵੱਡਾ ਹਾਦਸਾ ਹੋਣ ਦਾ ਖ਼ਤਰਾ ਰਹਿੰਦਾ ਸੀ। ਅਸਲ ਵਿੱਚ ਇਹ ਪਸ਼ੂਆਂ ਦੇ ਡਰਨ ਅਤੇ ਕਿਸੇ ਸੰਭਾਵੀ ਨੁਕਸਾਨ ਤੋਂ ਬਚਣ ਦੀ ਚੇਤਾਵਨੀ ਸੀ, ਜਿਸ ਨੂੰ ਅਸੀਂ ਬਿੱਲੀ ਨਾਲ ਜੁੜੇ ਵਹਿਮ ਵਿੱਚ ਬਦਲ ਲਿਆ।

ਰਾਤ ਨੂੰ ਵਾਲ ਅਤੇ ਨਹੁੰ ਨਾ ਕੱਟਣ ਬਾਰੇ ਵੀ ਇਹੋ ਤਰਕ ਲਾਗੂ ਹੁੰਦਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਘਰਾਂ ਵਿੱਚ ਬਿਜਲੀ ਦੀ ਸਹੂਲਤ ਨਹੀਂ ਸੀ ਅਤੇ ਕੇਵਲ ਦੀਵੇ ਦੀ ਮੱਧਮ ਲੋਅ ਹੀ ਚਾਨਣ ਦਾ ਇੱਕੋ-ਇੱਕ ਜ਼ਰੀਆ ਹੁੰਦੀ ਸੀ, ਉਸ ਵੇਲੇ ਬਲੇਡ ਜਾਂ ਕੈਂਚੀ ਨਾਲ ਨਹੁੰ ਕੱਟਣ ਸਮੇਂ ਉਂਗਲਾਂ 'ਤੇ ਸੱਟ ਲੱਗਣ ਦਾ ਖ਼ਤਰਾ ਰਹਿੰਦਾ ਸੀ। ਇਸ ਤੋਂ ਇਲਾਵਾ, ਰਾਤ ਵੇਲੇ ਵਾਲ ਵਾਹੁਣ ਜਾਂ ਕੱਟਣ ਨਾਲ ਉਹ ਸਰੀਰ ਅਤੇ ਕੱਪੜਿਆਂ 'ਤੇ ਚਿਪਕ ਜਾਂਦੇ ਸਨ। ਰਾਤ ਦੀ ਰੋਟੀ ਖਾਂਦੇ ਸਮੇਂ ਇਹ ਵਾਲ ਜਾਂ ਨਹੁੰਆਂ ਦੇ ਛੋਟੇ ਟੁਕੜੇ ਖਾਣੇ ਵਿੱਚ ਡਿੱਗ ਕੇ ਪੇਟ ਵਿੱਚ ਜਾਣ ਦਾ ਖ਼ਦਸ਼ਾ ਬਣਿਆ ਰਹਿੰਦਾ ਸੀ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦਾ ਸੀ। ਇਸ ਲਈ ਇਹ ਨਿਯਮ ਸਰੀਰਕ ਬਚਾਅ, ਸਫ਼ਾਈ ਅਤੇ ਸੁਰੱਖਿਆ ਦੇ ਪੱਖੋਂ ਬਣਾਇਆ ਗਿਆ ਸੀ, ਤਾਂ ਜੋ ਇਹ ਕੰਮ ਦਿਨ ਦੇ ਚਾਨਣ ਵਿੱਚ ਕੀਤੇ ਜਾ ਸਕਣ। ਪਰ ਅਫ਼ਸੋਸ ਕਿ ਅੱਜ ਅਸੀਂ ਇਸ ਸੂਝ-ਬੂਝ ਭਰੀ ਸਲਾਹ ਨੂੰ ਵੀ ਅਸ਼ੁੱਭ ਹੋਣ ਦੇ ਵਹਿਮ ਨਾਲ ਜੋੜ ਲਿਆ ਹੈ।

ਚਾਬੀਆਂ ਘੁਮਾਉਣ ਨਾਲ ਘਰ ਵਿੱਚ ਕਲੇਸ਼ ਪੈਣ ਦੀ ਗੱਲ ਵੀ ਇਸੇ ਤਰ੍ਹਾਂ ਬਣੀ। ਪੁਰਾਣੇ ਸਮਿਆਂ ਵਿੱਚ ਚਾਬੀਆਂ ਪਾਉਣ ਲਈ ਅੱਜ ਵਰਗੇ ਲੋਹੇ ਦੇ ਛੱਲੇ ਨਹੀਂ ਹੁੰਦੇ ਸਨ। ਚਾਬੀਆਂ ਨੂੰ ਕੱਚੇ ਧਾਗਿਆਂ, ਸੇਬਿਆਂ ਜਾਂ ਰੱਸੀਆਂ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਸੀ। ਬਿਨਾਂ ਵਜ ?ਹਾ ਚਾਬੀਆਂ ਘੁਮਾਉਣ ਨਾਲ ਉਹ ਧਾਗਾ ਘਸ ਜਾਂਦਾ ਸੀ ਜਾਂ ਟੁੱਟ ਜਾਂਦਾ ਸੀ, ਜਿਸ ਨਾਲ ਚਾਬੀਆਂ ਗੁਆਚਣ ਦਾ ਡਰ ਰਹਿੰਦਾ ਸੀ। ਉਦੋਂ ਜਿੰਦਰੇ-ਚਾਬੀਆਂ ਦੇ ਕਾਰੀਗਰ ਬਹੁਤ ਦੂਰ-ਦੁਰਾਡੇ ਮਿਲਦੇ ਸਨ ਅਤੇ ਨਵੀਂ ਚਾਬੀ ਬਣਵਾਉਣੀ ਬਹੁਤ ਔਖੀ ਸੀ। ਚਾਬੀ ਗੁਆਚਣ 'ਤੇ ਘਰ ਵਿੱਚ ਪ੍ਰੇਸ਼ਾਨੀ ਅਤੇ ਖਿੱਚੋਤਾਣ ਪੈਦਾ ਹੋ ਜਾਂਦੀ ਸੀ। ਇਸੇ ਨੁਕਸਾਨ ਤੋਂ ਬਚਣ ਲਈ ਚਾਬੀਆਂ ਨਾ ਘੁਮਾਉਣ ਦੀ ਹਦਾਇਤ ਦਿੱਤੀ ਜਾਂਦੀ ਸੀ।

ਇਸੇ ਤਰ੍ਹਾਂ ਰੋਟੀ ਖਾਣ ਤੋਂ ਬਾਅਦ ਹੱਥ ਝਾੜਨ ਤੋਂ ਵੀ ਰੋਕਿਆ ਜਾਂਦਾ ਹੈ। ਜਦੋਂ ਅਸੀਂ ਰੋਟੀ ਖਾਣ ਤੋਂ ਬਾਅਦ ਆਪਣੇ ਹੱਥ ਝਾੜਦੇ ਹਾਂ ਤਾਂ ਮਾਪੇ, ਦੋਸਤ-ਮਿੱਤਰ ਜਾਂ ਘਰ ਦੇ ਵੱਡੇ ਸਾਨੂੰ ਅਕਸਰ ਝਿੜਕ ਦਿੰਦੇ ਹਨ ਕਿ ਰੋਟੀ ਖਾਣ ਤੋਂ ਬਾਅਦ ਹੱਥ ਨਹੀਂ ਝਾੜੀਦੇ, ਮਾੜਾ ਹੁੰਦਾ ਹੈ। ਪਰ ਇਸ ਗੱਲ ਪਿੱਛੇ ਵੀ ਇੱਕ ਡੂੰਘੀ ਸੋਚ ਛੁਪੀ ਹੋਈ ਹੈ। ਸਾਡੇ ਪੁਰਾਣੇ ਬਜ਼ੁਰਗ ਅੰਨ ਦੀ ਕਦਰ ਕਰਨਾ ਸਿਖਾਉਂਦੇ ਸਨ, ਕਿਉਂਕਿ ਅੰਨ ਹੀ ਸਾਡੇ ਜੀਵਨ ਦਾ ਆਧਾਰ ਹੈ ਅਤੇ ਸਾਨੂੰ ਜਿਊਣ ਦੀ ਤਾਕਤ ਦਿੰਦਾ ਹੈ। ਅਸੀਂ ਜਦੋਂ ਪੰਛੀਆਂ ਜਾਂ ਹੋਰ ਜੀਵ-ਜੰਤੂਆਂ ਨੂੰ ਦਾਣਾ ਪਾਉਂਦੇ ਹਾਂ ਤਾਂ ਉਸ ਨੂੰ ਕਿਸੇ ਉੱਚੀ ਜਾਂ ਸਾਫ਼ ਜਗ ?ਹਾ 'ਤੇ ਰੱਖਦੇ ਹਾਂ, ਤਾਂ ਜੋ ਉਹ ਪੈਰਾਂ ਹੇਠ ਨਾ ਆਵੇ ਅਤੇ ਉਸ ਦੀ ਬੇਅਦਬੀ ਨਾ ਹੋਵੇ। ਇਸੇ ਤਰ੍ਹਾਂ ਜਦੋਂ ਰੋਟੀ ਖਾਣ ਤੋਂ ਬਾਅਦ ਸਾਡੇ ਹੱਥਾਂ ਨਾਲ ਅੰਨ ਦੇ ਛੋਟੇ-ਛੋਟੇ ਕਣ ਲੱਗੇ ਹੁੰਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਹੱਥ ਝਾੜ ਕੇ ਹੇਠਾਂ ਸੁੱਟ ਦਿੰਦੇ ਹਾਂ ਤਾਂ ਉਹ ਪੈਰਾਂ ਹੇਠ ਆ ਜਾਂਦੇ ਹਨ। ਇਸੇ ਲਈ ਸਾਡੇ ਵੱਡੇ-ਵਡੇਰੇ ਸਾਨੂੰ ਹੱਥ ਨਾ ਝਾੜਨ ਦੀ ਸਲਾਹ ਦਿੰਦੇ ਸਨ, ਤਾਂ ਜੋ ਅੰਨ ਦਾ ਕੋਈ ਵੀ ਕਣ ਵਿਅਰਥ ਨਾ ਜਾਵੇ ਅਤੇ ਉਸ ਦੀ ਕਦਰ ਬਣੀ ਰਹੇ। ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਇਹ ਸਿਰਫ਼ ਮਾੜੇ ਹੋਣ ਜਾਂ ਕਿਸੇ ਅਣਹੋਣੀ ਦਾ ਡਰ ਨਹੀਂ ਸੀ, ਸਗੋਂ ਅੰਨ ਪ੍ਰਤੀ ਸਤਿਕਾਰ ਅਤੇ ਉਸ ਦੀ ਮਹੱਤਤਾ ਨੂੰ ਸਮਝਾਉਣ ਦਾ ਇੱਕ ਤਰੀਕਾ ਸੀ। ਘਰਾਂ ਵਿੱਚ ਸਦੀਆਂ ਤੋਂ ਚੱਲੀਆਂ ਆ ਰਹੀਆਂ ਇਹ ਰੀਤਾਂ ਅਤੇ ਸਾਵਧਾਨੀਆਂ ਅਸਲ ਵਿੱਚ ਸਾਡੇ ਵੱਡ-ਵਡੇਰਿਆਂ ਦੇ ਤਜਰਬੇ, ਦੂਰਅੰਦੇਸ਼ੀ ਅਤੇ ਜ਼ਿੰਦਗੀ ਨੂੰ ਸੌਖਾ ਬਣਾਉਣ ਦੇ ਨਿਯਮ ਸਨ। ਪਰ ਸਮੇਂ ਦੇ ਵਹਾਅ ਵਿੱਚ ਅਸੀਂ ਅਸਲ ਹਕੀਕਤ ਨੂੰ ਪਿੱਛੇ ਛੱਡ ਕੇ ਇਨ੍ਹਾਂ ਨੂੰ ਕੇਵਲ ਡਰ ਅਤੇ ਵਹਿਮਾਂ-ਭਰਮਾਂ ਦਾ ਰੂਪ ਦੇ ਦਿੱਤਾ ਹੈ, ਜਿਸ ਕਾਰਨ ਅੱਜ ਸਾਡੀ ਹਾਲਤ ਇਹ ਹੋ ਗਈ ਹੈ ਕਿ ਅਸੀਂ ਹਰ ਛੋਟੀ-ਮੋਟੀ ਗੱਲ ਉੱਤੇ ਬੇਬੁਨਿਆਦ ਵਹਿਮ ਕਰਨ ਲੱਗ ਪੈਂਦੇ ਹਾਂ। ਜੇਕਰ ਕਿਸੇ ਵੀ ਰੋਕ-ਟੋਕ ਜਾਂ ਮਨਾਹੀ ਦੇ ਪਿੱਛੇ ਦਾ ਅਸਲ ਸੱਚ ਕਿਸੇ ਸਿਆਣੇ ਜਾਂ ਬਜ਼ੁਰਗ ਤੋਂ ਜਾਣ ਲਿਆ ਜਾਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਹ ਵਹਿਮ ਨਹੀਂ, ਸਗੋਂ ਉਸ ਸਮੇਂ ਦੀ ਸੁਰੱਖਿਆ, ਸਫ਼ਾਈ ਅਤੇ ਜ਼ਰੂਰਤ ਨਾਲ ਜੁੜੀ ਇੱਕ ਅਹਿਮ ਸਲਾਹ ਸੀ। ਸਾਨੂੰ ਚਾਹੀਦਾ ਹੈ ਕਿ ਅਸੀਂ ਅੰਧ-ਵਿਸ਼ਵਾਸਾਂ ਦੇ ਜਾਲ ਵਿੱਚ ਫਸਣ ਦੀ ਬਜਾਏ ਹਰ ਗੱਲ ਦੇ ਤਰਕ ਅਤੇ ਅਸਲ ਅਰਥਾਂ ਨੂੰ ਸਮਝੀਏ, ਕਿਉਂਕਿ ਸਾਡੀ ਗੁਰਬਾਣੀ ਵੀ ਸਾਨੂੰ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਤੋਂ ਦੂਰ ਰਹਿ ਕੇ ਸੱਚ ਦੇ ਮਾਰਗ ਉੱਤੇ ਚੱਲਣ ਦੀ ਸਿੱਖਿਆ ਦਿੰਦੀ ਹੈ। ਗੁਰਬਾਣੀ ਮਨੁੱਖ ਨੂੰ ਡਰ ਅਤੇ ਭਰਮ ਵਿੱਚ ਜੀਉਣ ਦੀ ਬਜਾਏ ਪਰਮਾਤਮਾ ਦੇ ਭਾਣੇ ਨੂੰ ਸਮਝਣ, ਨਾਮ ਨਾਲ ਜੁੜਨ ਅਤੇ ਸੱਚੀ-ਸੁੱਚੀ ਜੀਵਨ-ਜਾਚ ਅਪਣਾਉਣ ਦਾ ਸੰਦੇਸ਼ ਦਿੰਦੀ ਹੈ। ਇਸ ਲਈ ਸਾਨੂੰ ਹਰ ਪੁਰਾਣੀ ਗੱਲ ਨੂੰ ਅੱਖਾਂ ਬੰਦ

Preetnama

Khara Sach

प्रीतनामा

खरा सच

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 379 Website: www.preetnama.com Email preetnamausa@gmail.com 13 NOV TO 19 NOV., 2026

राहुल की चुनौती क्यों स्वीकार नहीं करते मोदी

वास्तविक लोकतंत्र वहीं होता है, जहां सत्तापक्ष विपक्ष और पत्रकारों के सवालों के जवाब दे। देश में सत्तापक्ष का मुखिया प्रधानमंत्री होता है, इसलिए सवालों का अंतिम पड़ाव भी प्रधानमंत्री होता हैं। इस दृष्टि से भारतीय लोकतंत्र का यह पक्ष कमजोर माना जाता है। प्रधानमंत्री नरेन्द्र मोदी पर सत्ता में आने के बाद से लगातार विपक्ष और पत्रकारों के सवालों की उपेक्षा के आरोप लगते रहे हैं। यह आरोप सिर्फ भारत में ही नहीं बल्कि अंतरराष्ट्रीय स्तर पर भी लगे हैं। इतना ही नहीं विपक्ष की आवाज दबाने के आरोपों का सामना लोकसभा अध्यक्ष और राज्यसभा के सभापति को करना पड़ा है।सर्वाधिक आश्चर्य की बात यह है कि पीएम मोदी ने कभी भी विपक्ष के आरोपों का सीधा जवाब नहीं दिया। ऐसे मौकों पर पीएम मोदी के बजाए भाजपा के नेता और मंत्री ही सवालों के जवाब आरोपों के अंदाज में देते रहे हैं। पीएम मोदी मन की बात या दूसरे मुद्दों पर सोशल मीडिया का ही उपयोग करते रहें हैं।

संसद और बाहर उठाए गए सवालों के जवाब में सत्तारुढ़ भाजपा ने उल्टे सवाल पूछ कर मुद्दों को गोलमोल करने का प्रयास किया हैं। विपक्ष यही आरोप संसद सत्र के दौरान लोकसभा अध्यक्ष और राज्यसभा के सभापति पर लगाता रहा है। राहुल गांधी ने 3 दिन में 4 बार पीएम को मुद्दों पर बहस करने की चुनौती दी। राहुल गांधी ने प्रधानमंत्री मोदी पर विदेशी ताकतों के दबाव में काम करने का आरोप लगाया है। उनका कहना है कि मोदी विपक्ष पर देश विरोधी होने और विदेशी ताकतों से संबंध रखने के आरोप लगाते हैं, इसलिए उन्हें इन मुद्दों पर खुली बहस करनी चाहिए। राहुल ने बहस के लिए भारत-अमेरिका ट्रेड डील, देश की आर्थिक व्यवस्था, उद्योगपति गौतम अडाणी और जेफ्री एपस्टीन से जुड़े मुद्दे उठाए।

उन्होंने कहा कि बहस में देश के युवा और मीडिया भी मौजूद रहें। प्रधानमंत्री अपनी पसंद की जगह और जज चुन सकते हैं। राहुल गांधी ने संसद की कार्यवाही को लेकर भी सरकार पर सवाल उठाए। उनका आरोप है कि सरकार चर्चा की बात करती है, लेकिन विपक्ष को अपनी बात रखने का मौका नहीं देती। उन्होंने कहा कि जब वे बोलने की कोशिश करते हैं तो उनका माइक बंद कर दिया जाता है।

8 ਨਵੰਬਰ, 2016 ਦੀ ਰਾਤ ਨੂੰ, ਭਾਰਤੀ ਅਰਥਵਿਵਸਥਾ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਫੈਸਲਾ ਲਿਆ ਗਿਆ ਜਿਸਨੇ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਵਪਾਰਕ ਜੀਵਨ ਨੂੰ ਡੂੰਘਾ ਪ੍ਰਭਾਵਿਤ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੁਰਾਣੇ 500 ਅਤੇ 1000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦਾ ਐਲਾਨ ਸਿਰਫ਼ ਇੱਕ ਮੁਦਰਾ ਤਬਦੀਲੀ ਨਹੀਂ ਸੀ, ਸਗੋਂ ਕਾਲੇ ਧਨ, ਨਕਲੀ ਨੋਟਾਂ, ਭ੍ਰਿਸ਼ਟਾਚਾਰ ਅਤੇ ਅੱਤਵਾਦੀ ਵਿੱਤ ਪੋਸ਼ਣ ਲਈ ਇੱਕ ਝਟਕੇ ਵਜੋਂ ਪੇਸ਼ ਕੀਤਾ ਗਿਆ ਸੀ। ਉਸ ਸਮੇਂ, ਇਹ ਦੋਵੇਂ ਨੋਟ ਪ੍ਰਚਲਨ ਵਿੱਚ ਮੁਦਰਾ ਦੇ ਕੁੱਲ ਮੁੱਲ ਦਾ ਲਗਭਗ 86 ਪ੍ਰਤੀਸ਼ਤ ਸਨ। ਦਸ ਸਾਲ ਬਾਅਦ, ਜਿਵੇਂ ਕਿ ਇਸ ਫੈਸਲੇ ਦਾ ਮੁਲਾਂਕਣ ਕੀਤਾ ਜਾਂਦਾ ਹੈ, ਇੱਕ ਮਹੱਤਵਪੂਰਨ ਵਿਰੋਧਾਭਾਸ ਉੱਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿ ਦੇਸ਼ ਵਿੱਚ ਡਿਜੀਟਲ ਭੁਗਤਾਨਾਂ ਦਾ ਬੇਮਿਸਾਲ ਵਿਸਥਾਰ ਹੋਇਆ ਹੈ, ਨਕਦੀ ਸਰਕੂਲੇਸ਼ਨ ਵਿੱਚ ਵੀ ਲਗਾਤਾਰ ਵਾਧਾ ਹੋਇਆ ਹੈ। ਇਹ ਵਿਰੋਧਾਭਾਸ ਨੋਟਬੰਦੀ ਦੀਆਂ ਅਸਲ ਪ੍ਰਾਪਤੀਆਂ ਅਤੇ ਸੀਮਾਵਾਂ ਨੂੰ ਸਮਝਣ ਦੀ ਕੁੰਜੀ ਰੱਖਦਾ ਹੈ। ਨੋਟਬੰਦੀ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਬਦਲਾਅ ਡਿਜੀਟਲ ਭੁਗਤਾਨਾਂ ਦੇ ਖੇਤਰ ਵਿੱਚ ਆਇਆ। ਹਾਲਾਂਕਿ ਯੂਨੀਫਾਈਡ ਪੇਮੈਂਟਸ ਇੰਟਰਫੇਸ (”♦9) ਅਪ੍ਰੈਲ 2016 ਵਿੱਚ ਨੋਟਬੰਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ, ਪਰ ਮੁਦਰਾ ਦੀ ਅਚਾਨਕ ਕਮੀ ਨੇ ਲੋਕਾਂ ਨੂੰ ਡਿਜੀਟਲ ਭੁਗਤਾਨ ਵਿਕਲਪਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਮੋਬਾਈਲ ਵਾਲਿਟ, ਇੰਟਰਨੈੱਟ ਬੈਂਕਿੰਗ, ਡੈਬਿਟ ਕਾਰਡ ਅਤੇ ♠♣ ਕੋਡ-ਅਧਾਰਤ ਭੁਗਤਾਨ ਹੌਲੀ-ਹੌਲੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਗਏ। ਵਿੱਤੀ ਸਾਲ 2025-26 ਵਿੱਚ, ”♦9 ਰਾਹੀਂ 241 ਬਿਲੀਅਨ ਤੋਂ ਵੱਧ ਲੈਣ-ਦੇਣ ਦਰਜ ਕੀਤੇ ਗਏ। ਛੋਟੇ ਦੁਕਾਨਦਾਰਾਂ, ਗਲੀ ਵਿਕਰੇਤਾਵਾਂ, ਸੇਵਾ ਪ੍ਰਦਾਤਾਵਾਂ ਅਤੇ ਆਮ ਖਪਤਕਾਰਾਂ ਵਿੱਚ ਇਸਦੀ ਸਵੀਕ੍ਰਿਤੀ ਭਾਰਤੀ ਭੁਗਤਾਨ ਪ੍ਰਣਾਲੀ ਵਿੱਚ ਇੱਕ ਵੱਡੀ ਤਬਦੀਲੀ ਨੂੰ ਦਰਸਾਉਂਦੀ ਹੈ। ਇਹ ਕਹਿਣਾ ਉਚਿਤ ਹੋਵੇਗਾ ਕਿ ਨੋਟਬੰਦੀ ਨੇ ਡਿਜੀਟਲ ਭੁਗਤਾਨਾਂ ਨੂੰ ਅਪਣਾਉਣ ਵਿੱਚ ਤੇਜ਼ੀ ਲਿਆਂਦੀ। ਇਸ ਫੈਸਲੇ ਦਾ ਇੱਕ ਹੋਰ ਨਤੀਜਾ ਬੈਂਕਿੰਗ ਪ੍ਰਣਾਲੀ ਵਿੱਚ ਜਮ ?ਹਾਂ ਰਾਸ਼ੀ ਵਿੱਚ ਅਸਥਾਈ ਵਾਧਾ ਸੀ। ਪੁਰਾਣੇ ਨੋਟਾਂ ਨੂੰ ਬੈਂਕਾਂ ਵਿੱਚ ਜਮ ?ਹਾਂ ਕਰਨ ਨਾਲ ਬੈਂਕਿੰਗ ਪ੍ਰਣਾਲੀ ਵਿੱਚ ਤਰਲਤਾ ਵਧੀ ਅਤੇ ਵਿੱਤੀ ਸੰਸਥਾਵਾਂ ਨੂੰ ਅਸਾਧਾਰਨ ਲੈਣ-ਦੇਣ ਦੀ ਪਛਾਣ ਕਰਨ ਦਾ ਮੌਕਾ ਮਿਲਿਆ। ਬੈਂਕਿੰਗ ਪ੍ਰਣਾਲੀ ਤੋਂ ਬਾਹਰ ਪਹਿਲਾਂ ਬਹੁਤ ਸਾਰੇ ਨਕਦ ਜਮ ?ਹਾਂ ਰਾਸ਼ੀਆਂ ਦੇ ਵੇਰਵੇ ਉਪਲਬਧ ਹੋ ਗਏ। ਇਸ ਨਾਲ ਆਮਦਨ ਕਰ ਵਿਭਾਗ ਨੂੰ ਸ਼ੱਕੀ ਲੈਣ-ਦੇਣ ਦੀ ਜਾਂਚ ਕਰਨ, ਟੈਕਸ ਚੋਰੀ ਦਾ ਪਤਾ ਲਗਾਉਣ ਅਤੇ ਵਿੱਤੀ ਪਾਰਦਰਸ਼ਤਾ ਵਧਾਉਣ ਵਿੱਚ ਮਦਦ ਮਿਲੀ। ਇਸ ਤੋਂ ਇਲਾਵਾ, ਪੁਰਾਣੇ ਮੁੱਲਾਂ ਦੇ ਨਕਲੀ ਨੋਟਾਂ ਨੂੰ ਤੁਰੰਤ ਅਵੈਧ ਕਰ ਦਿੱਤਾ ਗਿਆ, ਜਿਸ ਨਾਲ ਮੌਜੂਦਾ ਨਕਲੀ ਮੁਦਰਾ ਨੈੱਟਵਰਕਾਂ ਨੂੰ ਝਟਕਾ ਲੱਗਾ। ਨੋਟਬੰਦੀ ਨੇ ਬੈਂਕਿੰਗ ਸੇਵਾਵਾਂ, ਇਲੈਕਟ ?ਰਾਨਿਕ ਭੁਗਤਾਨਾਂ ਅਤੇ ਵਿੱਤੀ ਜਾਗਰੂਕਤਾ ਦੇ ਵਿਸਥਾਰ ਨੂੰ ਵੀ ਉਤਸ਼ਾਹਿਤ ਕੀਤਾ। ਹਾਲਾਂਕਿ, ਇਹਨਾਂ ਪ੍ਰਾਪਤੀਆਂ ਦੇ ਬਾਵਜੂਦ, ਨੋਟਬੰਦੀ ਦੇ ਆਰਥਿਕ ਨਤੀਜੇ ਕਈ ਮਹੱਤਵਪੂਰਨ ਸਵਾਲ ਖੜ੍ਹੇ ਕਰਦੇ ਹਨ। ਸਭ ਤੋਂ ਵੱਡਾ ਸਵਾਲ ਕਾਲੇ ਧਨ ਦੀ ਵਾਪਸੀ ਅਤੇ ਇਸਦੀ ਅਸਲ ਰੋਕਥਾਮ ਨਾਲ ਸਬੰਧਤ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅਨੁਸਾਰ, ਨੋਟਬੰਦੀ ਕੀਤੀ ਗਈ ਕਰੰਸੀ ਦਾ ਲਗਭਗ 99.3 ਪ੍ਰਤੀਸ਼ਤ ਬੈਂਕਿੰਗ ਪ੍ਰਣਾਲੀ ਵਿੱਚ ਵਾਪਸ ਆ ਗਿਆ। ਲਗਭਗ ?15.41 ਲੱਖ ਕਰੋੜ ਦੀ ਨੋਟਬੰਦੀ ਕੀਤੀ ਗਈ ਕਰੰਸੀ ਵਿੱਚੋਂ, ਲਗਭਗ ?15.31 ਲੱਖ ਕਰੋੜ ਬੈਂਕਾਂ ਵਿੱਚ ਵਾਪਸ ਆ ਗਿਆ। ਇਹ ਅੰਕੜਾ ਉਮੀਦਾਂ ਦੇ ਉਲਟ ਸੀ ਕਿ ਵੱਡੀ ਮਾਤਰਾ ਵਿੱਚ ਕਾਲਾ ਧਨ, ਨਕਦੀ ਵਿੱਚ ਹੋਣ ਕਰਕੇ, ਆਪਣੇ ਆਪ ਗਾਇਬ ਹੋ ਜਾਵੇਗਾ। ਹਾਲਾਂਕਿ ਇਹ ਸੱਚ ਹੈ ਕਿ ਬੈਂਕਾਂ ਵਿੱਚ ਜਮ ?ਹਾ ਕੀਤੇ ਗਏ ਸਾਰੇ ਪੈਸੇ ਨੂੰ ਜਾਇਜ਼ ਨਹੀਂ ਮੰਨਿਆ ਜਾ ਸਕਦਾ, ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਨੋਟਬੰਦੀ ਦੁਆਰਾ ਸਥਾਈ ਤੌਰ 'ਤੇ ਖਤਮ ਕੀਤਾ ਗਿਆ ਨਕਦ ਮੁਕਾਬਲਤਨ ਛੋਟਾ ਸੀ।

ਮੂਲ ਕਾਰਨ ਇਹ ਹੈ ਕਿ ਕਾਲਾ ਧਨ ਸਿਰਫ਼ ਨਕਦੀ ਵਿੱਚ ਹੀ ਨਹੀਂ ਰੱਖਿਆ ਜਾਂਦਾ। ਇਸਦਾ ਇੱਕ ਮਹੱਤਵਪੂਰਨ ਹਿੱਸਾ ਰੀਅਲ ਅਸਟੇਟ, ਸੋਨਾ, ਬੇਨਾਮੀ ਜਾਇਦਾਦਾਂ, ਵਿਦੇਸ਼ਾਂ ਵਿੱਚ ਜਮ ?ਹਾਂ ਪੈਸੇ, ਸ਼ੈੱਲ ਕੰਪਨੀਆਂ ਅਤੇ ਹੋਰ ਵਿੱਤੀ ਸੰਪਤੀਆਂ ਵਿੱਚ ਨਿਵੇਸ਼ ਕੀਤਾ ਜਾਂਦਾ ਹੈ। ਇਸ ਲਈ, ਸਿਰਫ਼ ਉੱਚ-ਮੁੱਲ ਵਾਲੇ ਕਰੰਸੀ ਨੋਟਾਂ ਨੂੰ ਨੋਟਬੰਦੀ ਕਰਨ ਨਾਲ ਕਾਲੇ ਧਨ ਦੀ ਸਮੱਸਿਆ ਪੂਰੀ ਤਰ੍ਹਾਂ ਹੱਲ ਨਹੀਂ ਹੋਵੇਗੀ। ਟੈਕਸ ਪ੍ਰਣਾਲੀ ਵਿੱਚ ਪਾਰਦਰਸ਼ਤਾ, ਜਾਇਦਾਦ ਦੇ ਲੈਣ-ਦੇਣ ਦੀ ਨਿਗਰਾਨੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਜ਼ਰੂਰੀ ਹੈ।

ਨਕਦੀ 'ਤੇ ਲਗਾਤਾਰ ਨਿਰਭਰਤਾ ਨੋਟਬੰਦੀ ਦੀਆਂ ਸੀਮਾਵਾਂ ਨੂੰ ਵੀ ਉਜਾਗਰ ਕਰਦੀ ਹੈ। ਨਵੰਬਰ 2016 ਦੇ ਆਸ-ਪਾਸ, ਪ੍ਰਚਲਨ ਵਿੱਚ ਮੁਦਰਾ ਲਗਭਗ ?17.77 ਲੱਖ ਕਰੋੜ ਸੀ, ਜਦੋਂ ਕਿ ਅਕਤੂਬਰ 2026 ਤੱਕ, ਇਹ ਲਗਭਗ ?43.16 ਲੱਖ ਕਰੋੜ ਤੱਕ ਪਹੁੰਚ ਗਈ ਸੀ। ਇਹ ਵਾਧਾ ਦਰਸਾਉਂਦਾ ਹੈ ਕਿ ਡਿਜੀਟਲ ਭੁਗਤਾਨਾਂ ਦੇ ਵਿਸਥਾਰ ਦੇ ਬਾਵਜੂਦ, ਨਕਦੀ ਭਾਰਤੀ ਅਰਥਵਿਵਸਥਾ ਦਾ ਇੱਕ ਮਹੱਤਵਪੂਰਨ ਮਾਧਿਅਮ ਬਣੀ ਹੋਈ ਹੈ। ਪੇਂਡੂ ਖੇਤਰਾਂ, ਛੋਟੇ ਕਾਰੋਬਾਰਾਂ, ਰੋਜ਼ਾਨਾ ਮਜ਼ਦੂਰੀ ਕਰਨ ਵਾਲੇ ਮਜ਼ਦੂਰਾਂ ਅਤੇ ਸੀਮਤ ਇੰਟਰਨੈਟ ਪਹੁੰਚ ਵਾਲੇ ਲੋਕਾਂ ਲਈ ਨਕਦੀ ਜ਼ਰੂਰੀ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਡਿਜੀਟਲ ਭੁਗਤਾਨ ਅਸਫਲ ਹੋ ਗਏ ਹਨ, ਸਗੋਂ ਇਹ ਸਪੱਸ਼ਟ ਕਰਦਾ ਹੈ ਕਿ ਭਾਰਤ ਦੀ ਆਰਥਿਕਤਾ ਵਿੱਚ ਨਕਦੀ ਅਤੇ ਡਿਜੀਟਲ ਚੈਨਲ ਦੋਵਾਂ ਦੀ ਆਪਣੀ ਉਪਯੋਗਤਾ ਹੈ।

ਨੋਟਬੰਦੀ ਨਾਲ ਅਸੰਗਠਿਤ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਛੋਟੇ ਦੁਕਾਨਦਾਰ, ਗਲੀ-ਫੜ੍ਹੀ ਵਾਲੇ, ਖੇਤੀਬਾੜੀ ਮਜ਼ਦੂਰ, ਉਸਾਰੀ ਕਾਮੇ ਅਤੇ ਸੂਖਮ-ਉੱਦਮਾਂ ਨੂੰ ਅਚਾਨਕ ਨਕਦੀ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਬਹੁਤ ਸਾਰੇ ਕਾਰੋਬਾਰਾਂ ਦੀ ਵਿਕਰੀ ਘੱਟ ਗਈ, ਉਤਪਾਦਨ ਪ੍ਰਭਾਵਿਤ ਹੋਇਆ, ਅਤੇ ਕੁਝ ਅਦਾਰਿਆਂ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਲਈ ਮਜਬੂਰ ਕੀਤਾ ਗਿਆ। ਰੋਜ਼ਾਨਾ ਮਜ਼ਦੂਰੀ 'ਤੇ ਨਿਰਭਰ ਲੋਕਾਂ ਦੀ ਆਮਦਨ ਵਿੱਚ ਗਿਰਾਵਟ ਆਈ। ਪੇਂਡੂ ਬਾਜ਼ਾਰਾਂ ਵਿੱਚ ਆਮ ਆਰਥਿਕ ਗਤੀਵਿਧੀਆਂ ਵਿੱਚ ਵਿਘਨ ਪਿਆ। ਦੇਸ਼ ਦੀ ਆਰਥਿਕਤਾ ਵਿੱਚ ਛੋਟੇ ਉੱਦਮਾਂ ਅਤੇ ਅਸੰਗਠਿਤ ਖੇਤਰ ਦੀ ਮਹੱਤਵਪੂਰਨ ਭੂਮਿਕਾ ਨੂੰ ਦੇਖਦੇ ਹੋਏ, ਇਹ ਵਿਘਨ ਇੱਕ ਅਸਥਾਈ ਸਮੱਸਿਆ ਨਹੀਂ ਸੀ ਪਰ ਇਸਦੇ ਵਿਆਪਕ ਸਮਾਜਿਕ ਅਤੇ ਆਰਥਿਕ ਨਤੀਜੇ ਸਨ। ਇਸ ਤੋਂ ਇਲਾਵਾ, ਨਵੀਂ ਕਰੰਸੀ ਵਿੱਚ ਨਕਲੀ ਨੋਟਾਂ ਦੀ ਮੌਜੂਦਗੀ ਦਾ ਵੀ ਖੁਲਾਸਾ ਹੋਇਆ। ਇਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਨਕਲੀ ਕਰੰਸੀ ਦੀ ਸਮੱਸਿਆ ਨੂੰ ਸਿਰਫ਼ ਪੁਰਾਣੇ ਨੋਟਾਂ ਨੂੰ ਬੰਦ ਕਰਕੇ ਖਤਮ ਨਹੀਂ ਕੀਤਾ ਜਾ ਸਕਦਾ। ਇਸ ਲਈ ਬਿਹਤਰ ਸੁਰੱਖਿਆ ਵਿਸ਼ੇਸ਼ਤਾਵਾਂ, ਖੁਫੀਆ ਜਾਣਕਾਰੀ, ਸਰਹੱਦੀ ਨਿਗਰਾਨੀ ਅਤੇ ਪ੍ਰਭਾਵਸ਼ਾਲੀ ਕਾਨੂੰਨੀ ਕਾਰਵਾਈ ਦੀ ਲੋੜ ਹੈ। ਇਸੇ ਤਰ੍ਹਾਂ, ਅਚਾਨਕ ਆਰਥਿਕ ਫੈਸਲਿਆਂ ਨਾਲ ਖਪਤ, ਉਤਪਾਦਨ ਅਤੇ ਥੋੜ੍ਹੇ ਸਮੇਂ ਦੇ ਆਰਥਿਕ ਵਿਕਾਸ 'ਤੇ ਵੀ ਦਬਾਅ ਪੈਂਦਾ ਹੈ।

ਅੱਜ, ਕਾਲੇ ਧਨ ਵਿਰੁੱਧ ਲੜਾਈ ਨੂੰ ਨਕਦੀ ਤੱਕ ਸੀਮਤ ਨਾ ਰੱਖ ਕੇ ਟੈਕਸ ਚੋਰੀ ਨੂੰ ਰੋਕਣ ਦੀ ਜ਼ਿਆਦਾ ਲੋੜ ਹੈ। ਟੈਕਸ ਚੋਰੀ ਨੂੰ ਰੋਕਣ ਲਈ ਤਕਨਾਲੋਜੀ-ਅਧਾਰਤ ਨਿਗਰਾਨੀ, ਬੇਨਾਮੀ ਜਾਇਦਾਦਾਂ ਵਿਰੁੱਧ ਕਾਰਵਾਈ, ਜਾਇਦਾਦ ਦੇ ਲੈਣ-ਦੇਣ ਵਿੱਚ ਪਾਰਦਰਸ਼ਤਾ ਅਤੇ ਵੱਖ-ਵੱਖ ਜਾਂਚ ਏਜੰਸੀਆਂ ਵਿੱਚ ਬਿਹਤਰ ਤਾਲਮੇਲ ਜ਼ਰੂਰੀ ਹੈ। ਡਿਜੀਟਲ ਭੁਗਤਾਨਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ, ਪੇਂਡੂ ਖੇਤਰਾਂ ਵਿੱਚ ਕਿਫਾਇਤੀ ਇੰਟਰਨੈਟ ਪਹੁੰਚ, ਸੁਰੱਖਿਅਤ ਬੈਂਕਿੰਗ ਸੇਵਾਵਾਂ, ਸਾਈਬਰ ਸੁਰੱਖਿਆ ਅਤੇ ਵਿੱਤੀ ਸਾਖਰਤਾ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਛੋਟੇ ਕਾਰੋਬਾਰਾਂ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਇੱਕ ਸਰਲ ਟੈਕਸ ਪ੍ਰਣਾਲੀ, ਕ੍ਰੈਡਿਟ ਤੱਕ ਆਸਾਨ ਪਹੁੰਚ ਅਤੇ ਪਾਲਣਾ ਦੇ ਬੋਝ ਨੂੰ ਘਟਾ ਕੇ ਰਸਮੀ ਅਰਥਵਿਵਸਥਾ ਵਿੱਚ ਜੋੜਿਆ ਜਾਣਾ ਚਾਹੀਦਾ ਹੈ। ਨੋਟਬੰਦੀ ਦੇ ਦਸ ਸਾਲ ਬਾਅਦ, ਇਹ ਸਵੀਕਾਰ ਕਰਨਾ ਪਵੇਗਾ ਕਿ ਭਾਵੇਂ ਇਸ ਫੈਸਲੇ ਨੇ ਭਾਰਤ ਵਿੱਚ ਡਿਜੀਟਲ ਭੁਗਤਾਨਾਂ ਅਤੇ ਬੈਂਕਿੰਗ ਲੈਣ-ਦੇਣ ਵਿੱਚ ਪਾਰਦਰਸ਼ਤਾ ਨੂੰ ਤੇਜ਼ ਕੀਤਾ, ਪਰ ਇਹ ਕਾਲੇ ਧਨ ਨੂੰ ਖਤਮ ਕਰਨ ਅਤੇ ਨਕਦੀ 'ਤੇ ਨਿਰਭਰਤਾ ਘਟਾਉਣ ਦੇ ਆਪਣੇ ਵਿਆਪਕ ਉਦੇਸ਼ਾਂ ਨੂੰ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਕਰ ਸਕਿਆ। ਇਸਦਾ ਸਭ ਤੋਂ ਵੱਡਾ ਸਬਕ ਇਹ ਹੈ ਕਿ ਆਰਥਿਕ ਤਬਦੀਲੀ ਸਿਰਫ਼ ਮੁਦਰਾ ਦੀ ਪ੍ਰਕਿਰਤੀ ਨੂੰ ਬਦਲਣ ਨਾਲ ਨਹੀਂ ਆ ਸਕਦੀ। ਇਸ ਲਈ ਮਜ਼ਬੂਤ ? ?ਸੰਸਥਾਵਾਂ, ਜਵਾਬਦੇਹ ਸ਼ਾਸਨ, ਇੱਕ ਪ੍ਰਭਾਵਸ਼ਾਲੀ ਟੈਕਸ ਪ੍ਰਣਾਲੀ, ਵਿੱਤੀ ਸਮਾਵੇਸ਼ ਅਤੇ ਨਿਰੰਤਰ ਸੁਧਾਰ ਦੀ ਲੋੜ ਹੈ। ਭਾਰਤ ਦੀ ਡਿਜੀਟਲ ਕ੍ਰਾਂਤੀ ਯਕੀਨੀ ਤੌਰ 'ਤੇ ਮਹੱਤਵਪੂਰਨ ਹੈ, ਪਰ ਇਸਦੀ ਅਸਲ ਸਫਲਤਾ ਨੂੰ ਸਿਰਫ਼ ਲੈਣ-ਦੇਣ ਦੀ ਗਿਣਤੀ ਦੁਆਰਾ ਨਹੀਂ, ਸਗੋਂ ਆਰਥਿਕ ਪਾਰਦਰਸ਼ਤਾ, ਸਮਾਜਿਕ ਸਮਾਵੇਸ਼ ਅਤੇ ਆਮ ਨਾਗਰਿਕਾਂ ਦੇ ਜੀਵਨ ਵਿੱਚ ਇਸ ਦੁਆਰਾ ਲਿਆਂਦੇ ਗਏ ਸਕਾਰਾਤਮਕ ਬਦਲਾਅ ਦੁਆਰਾ ਮਾਪਿਆ ਜਾਣਾ ਚਾਹੀਦਾ ਹੈ।

(ਡਾ. ਪ੍ਰਿਯੰਕਾ ਸੌਰਭ, ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)





ਪਰਾਲੀ ਮੁੱਦਾ ! ਘੁੰਮਣਘੇਰੀਆਂ 'ਚ ਪੰਜਾਬ ਦਾ ਕਿਸਾਨ

ਗੁਰਪ੍ਰੀਤ

ਦਿੱਲੀ ਦੀਆਂ ਸੜਕਾਂ ਤੋਂ ਲੈ ਕੇ ਟੈਲੀਵਿਜ਼ਨ ਚੈਨਲਾਂ ਅਤੇ ਸੋਸ਼ਲ ਮੀਡੀਆ ਤੱਕ ਪੰਜਾਬ ਦੀ ਪਰਾਲੀ ਨੂੰ ਪ੍ਰਦੂਸ਼ਣ ਦਾ ਵੱਡਾ ਕਾਰਨ ਦੱਸਿਆ ਜਾਂਦਾ ਹੈ। ਇਸ ਦੌਰਾਨ ਸਵਾਲ ਉੱਠਦਾ ਹੈ ਕਿ ਜੇਕਰ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ ਤਾਂ ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਅਤੇ ਉੱਥੋਂ ਪੈਦਾ ਹੋਣ ਵਾਲੇ ਧੂੰਏਂ ਬਾਰੇ ਵੀ ਉਸੇ ਗੰਭੀਰਤਾ ਨਾਲ ਗੱਲ ਕਿਉਂ ਨਹੀਂ ਕੀਤੀ ਜਾਂਦੀ ? ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਵਧਣ ਦੇ ਨਾਲ ਹੀ ਹਰ ਸਾਲ ਪੰਜਾਬ ਦੇ ਕਿਸਾਨਾਂ ਵੱਲੋਂ ਪਰਾਲੀ ਸਾੜਨ ਦਾ ਮੁੱਦਾ ਸਿਆਸੀ ਬਹਿਸ ਦਾ ਕੇਂਦਰ ਬਣ ਜਾਂਦਾ ਹੈ।

ਕੀ ਦਿੱਲੀ ਦੀ ਹਵਾ ਵਿੱਚ ਘੁਲਣ ਵਾਲੇ ਪ੍ਰਦੂਸ਼ਣ ਲਈ ਸਿਰਫ਼ ਪੰਜਾਬ ਦੇ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਣਾ ਜਾਇਜ਼ ਹੈ ? ਇਹ ਸਵਾਲ ਸਿਰਫ਼ ਪੰਜਾਬ ਦੇ ਕਿਸਾਨਾਂ ਦੀ ਹਮਾਇਤ ਜਾਂ ਕਿਸੇ ਸਿਆਸੀ ਪਾਰਟੀ ਦੇ ਵਿਰੋਧ ਤੱਕ ਸੀਮਤ ਨਹੀਂ ਹੈ, ਸਗੋਂ ਦਿੱਲੀ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਵਧ ਰਹੇ ਹਵਾ ਪ੍ਰਦੂਸ਼ਣ ਦੀ ਅਸਲ ਸਮੱਸਿਆ ਨੂੰ ਸਮਝਣ ਨਾਲ ਜੁੜਿਆ ਹੋਇਆ ਹੈ।

ਹਵਾ ਪ੍ਰਦੂਸ਼ਣ ਦੇ ਕਈ ਸਰੋਤ ਹਨ, ਜਿਨ੍ਹਾਂ ਵਿੱਚ ਵਾਹਨਾਂ ਦਾ ਧੂੰਆਂ, ਉਦਯੋਗਿਕ ਇਕਾਈਆਂ ਦਾ ਪ੍ਰਦੂਸ਼ਣ, ਉਸਾਰੀ ਕਾਰਜਾਂ ਤੋਂ ਉੱਡਦੀ ਧੂੜ, ਸੜਕਾਂ ਦੀ ਧੂੜ, ਕੂੜਾ ਸਾੜਨਾ ਅਤੇ ਖੇਤੀਬਾੜੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸ਼ਾਮਲ ਹਨ। ਇਸ ਲਈ ਸਮੱਸਿਆ ਦੇ ਸਾਰੇ ਕਾਰਨਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਹੱਲ ਲੱਭਣ ਦੀ ਲੋੜ ਹੈ।

ਦਿੱਲੀ ਵਿੱਚ ਪ੍ਰਦੂਸ਼ਣ ਵਧਣ ਸਮੇਂ ਪੰਜਾਬ ਦੇ ਕਿਸਾਨਾਂ ਵੱਲੋਂ ਝੋਨੇ ਦੀ ਪਰਾਲੀ ਸਾੜਨ ਨੂੰ ਅਕਸਰ ਮੁੱਖ ਕਾਰਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਕਾਰਨ ਕਿਸਾਨਾਂ ਨੂੰ ਕਈ ਵਾਰ ਜਨਤਕ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਖ਼ ?ਲਾਫ਼ ਕਾਨੂੰਨੀ ਕਾਰਵਾਈ, ਜੁਰਮਾਨੇ ਅਤੇ ਪਰਾਲੀ ਸਾੜਨ ਨਾਲ ਸਬੰਧਤ ਮਾਮਲਿਆਂ ਦੀ ਚਰਚਾ ਵੀ ਹੁੰਦੀ ਹੈ।

ਪਰ ਸਵਾਲ ਇਹ ਹੈ ਕਿ ਕਿਸਾਨਾਂ ਨੂੰ ਦੋਸ਼ੀ ਠਹਿਰਾਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਆਰਥਿਕ ਅਤੇ ਵਿਹਾਰਕ ਮੁਸ਼ਕਲਾਂ ਨੂੰ ਕਿੰਨੀ ਗੰਭੀਰਤਾ ਨਾਲ ਸਮਝਿਆ ਜਾਂਦਾ ਹੈ ? ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨਾਂ ਕੋਲ ਅਗਲੀ ਫ਼ਸਲ, ਖ਼ਾਸ ਕਰਕੇ ਕਣਕ ਦੀ ਬਿਜਾਈ ਲਈ ਬਹੁਤ ਘੱਟ ਸਮਾਂ ਹੁੰਦਾ ਹੈ। ਖੇਤਾਂ ਵਿੱਚ ਬਚੀ ਪਰਾਲੀ ਦਾ ਪ੍ਰਬੰਧ ਕਰਨ ਲਈ ਮਸ਼ੀਨਰੀ, ਮਜ਼ਦੂਰੀ, ਸਮਾਂ ਅਤੇ ਪੈਸਾ ਚਾਹੀਦਾ ਹੈ।

ਕਈ ਕਿਸਾਨਾਂ ਲਈ ਪਰਾਲੀ ਨੂੰ ਖੇਤ ਵਿੱਚ ਸੰਭਾਲਣ ਜਾਂ ਬਾਹਰ ਲਿਜਾਣ ਦਾ ਖ਼ਰਚਾ ਚੁੱਕਣਾ ਆਸਾਨ ਨਹੀਂ ਹੁੰਦਾ। ਜੇਕਰ ਉਨ੍ਹਾਂ ਨੂੰ ਸਮੇਂ ਸਿਰ ਮਸ਼ੀਨਾਂ, ਤਕਨੀਕੀ ਸਹਾਇਤਾ ਅਤੇ ਆਰਥਿਕ ਮਦਦ ਨਹੀਂ ਮਿਲਦੀ ਤਾਂ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਇਸ ਲਈ ਪਰਾਲੀ ਸਾੜਨ ਨੂੰ ਰੋਕਣ ਦੀ ਨੀਤੀ ਸਿਰਫ਼ ਪਾਬੰਦੀਆਂ ਅਤੇ ਸਜ਼ਾਵਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ। ਕਿਸਾਨਾਂ ਨੂੰ ਅਜਿਹੇ ਬਦਲ ਮੁਹੱਈਆ ਕਰਵਾਉਣੇ ਵੀ ਜ਼ਰੂਰੀ ਹਨ, ਜਿਨ੍ਹਾਂ ਨੂੰ ਉਹ ਆਸਾਨੀ ਨਾਲ ਅਪਣਾ ਸਕਣ।

ਪੰਜਾਬ ਵਿੱਚ ਪਰਾਲੀ ਸਾੜਨ ਦੇ ਮੁੱਦੇ 'ਤੇ ਸਵਾਲ ਉਠਾਉਣ ਵਾਲੀਆਂ ਸਿਆਸੀ ਧਿਰਾਂ ਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਦਿੱਲੀ ਦੇ ਆਲੇ-ਦੁਆਲੇ ਸਥਿਤ ਹੋਰ ਸੂਬਿਆਂ ਵਿੱਚ ਹਵਾ ਪ੍ਰਦੂਸ਼ਣ ਦੇ ਕਾਰਨਾਂ ਦਾ ਮੁਲਾਂਕਣ ਕਿਵੇਂ ਕੀਤਾ ਜਾ ਰਿਹਾ ਹੈ। ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਖੇਤੀਬਾੜੀ ਹੁੰਦੀ ਹੈ ਅਤੇ ਉੱਥੇ ਵੀ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧ ਦੀ ਚੁਣੌਤੀ ਮੌਜੂਦ ਹੈ। ਇਸ ਲਈ ਇਨ੍ਹਾਂ ਸੂਬਿਆਂ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ, ਉਨ੍ਹਾਂ ਦੇ ਪ੍ਰਭਾਵ ਅਤੇ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਦਾ ਕੋਈ ਯੋਗਦਾਨ ਨਹੀਂ ਹੋ ਸਕਦਾ। ਪਰ ਇਹ ਵੀ ਉਚਿਤ ਨਹੀਂ ਕਿ ਬਿਨਾਂ ਸਾਰੇ ਸਰੋਤਾਂ ਦਾ ਮੁਲਾਂਕਣ ਕੀਤੇ ਸਮੁੱਚੀ ਸਮੱਸਿਆ ਦਾ ਦੋਸ਼ ਸਿਰਫ਼ ਪੰਜਾਬ ਦੇ ਕਿਸਾਨਾਂ ਸਿਰ ਮੜ੍ਹ ਦਿੱਤਾ ਜਾਵੇ।

ਦਿੱਲੀ ਦੀ ਹਵਾ ਦੀ ਗੁਣਵੱਤਾ 'ਤੇ ਮੌਸਮ, ਹਵਾਵਾਂ ਦੀ ਦਿਸ਼ਾ, ਤਾਪਮਾਨ, ਹਵਾ ਵਿੱਚ ਨਮੀ ਅਤੇ ਪ੍ਰਦੂਸ਼ਕਾਂ ਦੇ ਫੈਲਾਅ ਦੀਆਂ ਸਥਿਤੀਆਂ ਦਾ ਵੀ ਅਸਰ ਪੈਂਦਾ ਹੈ। ਇਸ ਲਈ ਵਿਗਿਆਨਕ ਅੰਕੜਿਆਂ ਅਤੇ ਪ੍ਰਦੂਸ਼ਣ ਦੇ ਵੱਖ-ਵੱਖ ਸਰੋਤਾਂ ਦੀ ਜਾਂਚ ਦੇ ਆਧਾਰ 'ਤੇ ਹੀ ਕਿਸੇ ਖ਼ਾਸ ਖੇਤਰ ਦੇ ਯੋਗਦਾਨ ਬਾਰੇ ਸਹੀ ਨਤੀਜੇ ਕੱਢੇ ਜਾ ਸਕਦੇ ਹਨ।

ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਪਰਾਲੀ ਸਾੜਨ ਦੀ ਸਮੱਸਿਆ 'ਤੇ ਕਾਬੂ ਪਾਉਣ ਸਬੰਧੀ ਦਾਅਵਾ ਕੀਤਾ ਜਾਂਦਾ ਰਿਹਾ ਹੈ। ਪਾਰਟੀ ਦਾ ਕਹਿਣਾ ਹੈ ਕਿ ਸੂਬੇ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 80 ਫ਼ੀਸਦੀ ਤੱਕ ਕਮੀ ਲਿਆਂਦੀ ਗਈ ਹੈ।

ਜੇਕਰ ਇਸ ਦਾਅਵੇ ਦੀ ਪੁਸ਼ਟੀ ਸਰਕਾਰੀ ਅੰਕੜਿਆਂ ਅਤੇ ਸੁਤੰਤਰ ਮੁਲਾਂਕਣਾਂ ਨਾਲ ਹੁੰਦੀ ਹੈ ਤਾਂ ਇਹ ਪਰਾਲੀ ਪ੍ਰਬੰਧਨ ਦੀ ਦਿਸ਼ਾ ਵਿੱਚ ਹੋਈ ਤਰੱਕੀ ਦਾ ਅਹਿਮ ਸੰਕੇਤ ਹੋ ਸਕਦਾ ਹੈ। ਹਾਲਾਂਕਿ, ਇਸ ਦਾਅਵੇ ਦਾ ਸਹੀ ਮੁਲਾਂਕਣ ਕਰਨ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਲਨਾ ਕਿਹੜੇ ਸਾਲਾਂ ਦੇ ਅੰਕੜਿਆਂ ਨਾਲ ਕੀਤੀ ਗਈ ਹੈ, ਮਾਮਲਿਆਂ ਦੀ ਗਿਣਤੀ ਕਿਵੇਂ ਨਿਰਧਾਰਤ ਕੀਤੀ ਗਈ ਹੈ ਅਤੇ ਕਿਹੜੇ ਖੇਤਰਾਂ ਵਿੱਚ ਕਿੰਨੀ ਕਮੀ ਦਰਜ ਕੀਤੀ ਗਈ ਹੈ।

ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਕਮੀ ਆਉਣਾ ਅਤੇ ਦਿੱਲੀ ਦੀ ਹਵਾ ਵਿੱਚ ਸੁਧਾਰ ਹੋਣਾ ਦੋ ਵੱਖਰੇ ਮਾਪਦੰਡ ਹਨ। ਦਿੱਲੀ ਵਿੱਚ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਸਰੋਤਾਂ ਅਤੇ ਮੌਸਮੀ ਹਾਲਾਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ। ਇਸ ਲਈ ਕਿਸੇ ਵੀ ਸਰਕਾਰ ਦੇ ਦਾਅਵੇ ਨੂੰ ਸਿਆਸੀ ਬਿਆਨਬਾਜ਼ੀ ਦੀ ਬਜਾਏ ਤੱਥਾਂ ਦੇ ਆਧਾਰ 'ਤੇ ਪਰਖਿਆ ਜਾਣਾ ਚਾਹੀਦਾ ਹੈ।

ਪਰਾਲੀ ਦੇ ਧੂੰਏਂ ਨੂੰ ਲੈ ਕੇ ਸਿਆਸੀ ਬਹਿਸ ਵਿੱਚ ਦਿੱਲੀ ਦੇ ਸਾਬਕਾ ਸੀਐੱਮ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਭੂਮਿਕਾ ਵੀ ਚਰਚਾ ਦਾ ਵਿਸ਼ਾ ਰਹੀ ਹੈ। ਜਦੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੀ ਅਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੀ, ਉਸ ਸਮੇਂ ਦਿੱਲੀ ਦੇ ਪ੍ਰਦੂਸ਼ਣ ਦੇ ਸੰਦਰਭ ਵਿੱਚ ਪੰਜਾਬ ਵਿੱਚ ਪਰਾਲੀ ਸਾੜਨ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਜਾਂਦਾ ਸੀ।

ਹੁਣ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਕਾਰਨ ਵਿਰੋਧੀ ਧਿਰਾਂ ਇਹ ਸਵਾਲ ਕਰਦੀਆਂ ਹਨ ਕਿ ਕੀ ਪਰਾਲੀ ਦੇ ਮੁੱਦੇ 'ਤੇ ਪਾਰਟੀ ਦਾ ਸਿਆਸੀ ਰੁਖ਼ ਬਦਲਿਆ ਹੈ ? ਕੀ ਹੁਣ ਪੰਜਾਬ ਦੀ ਸਰਕਾਰ ਆਪਣੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਪਹਿਲਾਂ ਨਾਲੋਂ ਵਧੇਰੇ ਸਮਝਦੀ ਹੈ, ਜਾਂ ਪਹਿਲਾਂ ਵਾਂਗ ਹੀ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਨੀਤੀ ਜਾਰੀ ਹੈ ?

ਇਸੇ ਤਰ੍ਹਾਂ ਦਿੱਲੀ ਦੀ ਭਾਜਪਾ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਤੋਂ ਵੀ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਹ ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਪਰਾਲੀ ਪ੍ਰਬੰਧਨ ਲਈ ਕੀ ਕਦਮ ਚੁੱਕ ਰਹੀਆਂ ਹਨ। ਸਿਆਸੀ ਪਾਰਟੀਆਂ ਦੀ ਜਵਾਬਦੇਹੀ ਸਿਰਫ਼ ਵਿਰੋਧੀ ਧਿਰ 'ਤੇ ਦੋਸ਼ ਲਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਆਪਣੇ ਅਧਿਕਾਰ ਖੇਤਰ ਵਿੱਚ ਕੀਤੇ ਕੰਮਾਂ ਦਾ ਹਿਸਾਬ ਦੇਣਾ ਵੀ ਲਾਜ਼ਮੀ ਹੈ।

ਪਰਾਲੀ ਦੇ ਧੂੰਏਂ ਨੂੰ ਲੈ ਕੇ ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੱਲੋਂ ਕੀਤੇ ਗਏ ਦਾਅਵਿਆਂ ਨੂੰ ਲੈ ਕੇ ਵੀ ਸਿਆਸੀ ਵਿਵਾਦ ਖੜ੍ਹਾ ਹੋ ਸਕਦਾ ਹੈ। ਪੰਜਾਬ ਨਾਲ ਸਬੰਧਤ ਧਿਰਾਂ ਵੱਲੋਂ ਅਜਿਹੇ ਦੋਸ਼ਾਂ ਨੂੰ ਝੂਠਾ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਜਾਂਦਾ ਹੈ। ਅਜਿਹੇ ਮਾਮਲਿਆਂ ਵਿੱਚ ਜ਼ਰੂਰੀ ਹੈ ਕਿ ਬਿਆਨਾਂ ਦਾ ਜਵਾਬ ਸਿਰਫ਼ ਦੂਜੇ ਸਿਆਸੀ ਬਿਆਨਾਂ ਨਾਲ ਨਾ ਦਿੱਤਾ ਜਾਵੇ, ਸਗੋਂ ਪ੍ਰਦੂਸ਼ਣ ਦੇ ਅੰਕੜੇ, ਸੈਟੇਲਾਈਟ ਰਾਹੀਂ ਦਰਜ ਕੀਤੀਆਂ ਅੱਗ ਦੀਆਂ ਘਟਨਾਵਾਂ, ਹਵਾ ਦੀ ਦਿਸ਼ਾ ਅਤੇ ਹਵਾ ਦੀ ਗੁਣਵੱਤਾ ਬਾਰੇ ਵਿਗਿਆਨਕ ਰਿਪੋਰਟਾਂ ਸਾਹਮਣੇ ਰੱਖੀਆਂ ਜਾਣ।

ਜੇਕਰ ਕਿਸੇ ਆਗੂ ਦਾ ਦਾਅਵਾ ਤੱਥਾਂ ਨਾਲ ਮੇਲ ਨਹੀਂ ਖਾਂਦਾ ਤਾਂ ਉਸ ਨੂੰ ਅੰਕੜਿਆਂ ਦੇ ਆਧਾਰ 'ਤੇ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਕਿਸਾਨਾਂ ਦੇ ਪੱਖ ਵਿੱਚ ਬੋਲਣ ਵਾਲੀਆਂ ਧਿਰਾਂ ਨੂੰ ਵੀ ਆਪਣੇ ਦਾਅਵਿਆਂ ਦੀ ਪੁਸ਼ਟੀ ਭਰੋਸੇਯੋਗ ਜਾਣਕਾਰੀ ਨਾਲ ਕਰਨੀ ਚਾਹੀਦੀ ਹੈ। ਇਸ ਨਾਲ ਨਾ ਸਿਰਫ਼ ਬਹਿਸ ਦਾ ਪੱਧਰ ਉੱਚਾ ਹੋਵੇਗਾ, ਸਗੋਂ ਲੋਕਾਂ ਨੂੰ ਸਮੱਸਿਆ ਦੀ ਅਸਲ ਤਸਵੀਰ ਸਮਝਣ ਵਿੱਚ ਵੀ ਮਦਦ ਮਿਲੇਗੀ।

ਪਰਾਲੀ ਸਾੜਨ ਦੇ ਮਾਮਲੇ ਵਿੱਚ ਕਿਸਾਨਾਂ ਖ਼ ?ਲਾਫ਼ ਕਾਨੂੰਨੀ ਕਾਰਵਾਈ, ਜੁਰਮਾਨਿਆਂ ਅਤੇ ਮੁਕੱਦਮਿਆਂ ਦੀ ਚਰਚਾ ਅਕਸਰ ਹੁੰਦੀ ਹੈ। ਪਰ ਇਸ ਦੇ ਨਾਲ ਇਹ ਸਵਾਲ ਵੀ ਮਹੱਤਵਪੂਰਨ ਹੈ ਕਿ ਕਿਸਾਨਾਂ ਨੂੰ ਪਰਾਲੀ ਦਾ ਪ੍ਰਬੰਧ ਕਰਨ ਲਈ ਲੋੜੀਂਦੀ ਸਹਾਇਤਾ ਕਿੰਨੀ ਮਿਲ ਰਹੀ ਹੈ।

ਕਿਸਾਨਾਂ ਨੂੰ ਸਿਰਫ਼ ਕਾਨੂੰਨ ਦਾ ਡਰ ਦਿਖਾ ਕੇ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਕੱਢਿਆ ਜਾ ਸਕਦਾ। ਜੇਕਰ ਸਰਕਾਰਾਂ ਚਾਹੁੰਦੀਆਂ ਹਨ ਕਿ ਕਿਸਾਨ ਪਰਾਲੀ ਨਾ ਸਾੜਨ ਤਾਂ ਉਨ੍ਹਾਂ ਨੂੰ ਮਸ਼ੀਨਰੀ ਦੀ ਉਪਲਬਧਤਾ, ਕਿਰਾਏ 'ਤੇ ਖੇਤੀ ਸੰਦਾਂ ਦੀਆਂ ਸਹੂਲਤਾਂ, ਪਰਾਲੀ ਇਕੱਠੀ ਕਰਨ ਅਤੇ ਲਿਜਾਣ ਦੀ ਵਿਵਸਥਾ ਅਤੇ ਇਸ ਦੀ ਵਰਤੋਂ ਕਰਨ ਵਾਲੇ ਉਦਯੋਗਾਂ ਨਾਲ ਜੋੜਨ ਵਰਗੇ ਕਦਮ ਚੁੱਕਣੇ ਪੈਣਗੇ।

ਪਰਾਲੀ ਤੋਂ ਬਾਇਓਮਾਸ ਊਰਜਾ, ਉਦਯੋਗਿਕ ਬਾਲਣ ਅਤੇ ਹੋਰ ਉਤਪਾਦ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਵੀ ਵਧਾਉਣ ਦੀ ਲੋੜ ਹੈ। ਜੇਕਰ ਪਰਾਲੀ ਕਿਸਾਨ ਲਈ ਵਾਧੂ ਖ਼ਰਚੇ ਦੀ ਬਜਾਏ ਆਮਦਨ ਦਾ ਸਰੋਤ ਬਣ ਸਕੇ ਤਾਂ ਇਸ ਦੇ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ ਹੋਰ ਆਸਾਨ ਹੋ ਸਕਦਾ ਹੈ।

ਇਸ ਦੇ ਨਾਲ ਹੀ ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਸਹਾਇਤਾ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਵੱਡੇ ਕਿਸਾਨਾਂ ਅਤੇ ਛੋਟੇ ਕਿਸਾਨਾਂ ਦੀਆਂ ਆਰਥਿਕ ਸਮਰੱਥਾਵਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਇਸ ਲਈ ਹਰ ਕਿਸਾਨ ਤੋਂ ਇੱਕੋ ਤਰ੍ਹਾਂ ਦੇ ਸਰੋਤਾਂ ਨਾਲ ਸਮੱਸਿਆ ਹੱਲ ਕਰਨ ਦੀ ਉਮੀਦ ਕਰਨਾ ਵਿਹਾਰਕ ਨਹੀਂ ਹੋਵੇਗਾ।

ਕੇਂਦਰ ਦੀ ਭਾਜਪਾ ਸਰਕਾਰ, ਦਿੱਲੀ ਦੀ ਭਾਜਪਾ ਸਰਕਾਰ, ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਸਿਆਸੀ ਧਿਰਾਂ ਨੂੰ ਇਸ ਮੁੱਦੇ 'ਤੇ ਆਪਣੀ ਜਵਾਬਦੇਹੀ ਨਿਭਾਉਣੀ ਚਾਹੀਦੀ ਹੈ। ਕਿਸਾਨਾਂ ਦੇ ਮਸਲਿਆਂ ਨੂੰ ਸਿਆਸੀ ਲਾਹੇ ਲਈ ਵਰਤਣ ਦੀ ਬਜਾਏ ਉਨ੍ਹਾਂ ਦੇ ਵਿਹਾਰਕ ਹੱਲ ਲੱਭਣੇ ਚਾਹੀਦੇ ਹਨ।

ਕਿਸਾਨਾਂ ਨੂੰ ਬਦਨਾਮ ਕਰਨਾ, ਉਨ੍ਹਾਂ ਖ਼ ?ਲਾਫ਼ ਕਾਰਵਾਈ ਦੀਆਂ ਧਮਕੀਆਂ ਦੇਣਾ ਜਾਂ ਹਰ ਸਾਲ ਪ੍ਰਦੂਸ਼ਣ ਵਧਣ ਸਮੇਂ ਬਿਆਨ ਜਾਰੀ ਕਰ ਦੇਣਾ ਸਮੱਸਿਆ ਦਾ ਹੱਲ ਨਹੀਂ ਹੈ। ਇਸੇ ਤਰ੍ਹਾਂ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਵੀ ਠੀਕ ਨਹੀਂ। ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਗੰਭੀਰ ਖ਼ਤਰਾ ਹੈ ਅਤੇ ਇਸ ਨੂੰ ਘਟਾਉਣਾ ਸਰਕਾਰਾਂ ਦੇ ਨਾਲ-ਨਾਲ ਸਮਾਜ ਦੀ ਵੀ ਸਾਂਝੀ ਜ਼ਿੰਮੇਵਾਰੀ ਹੈ।

ਲੋੜ ਇਸ ਗੱਲ ਦੀ ਹੈ ਕਿ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਮਜਬੂਰ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹੇ ਬਦਲ ਦਿੱਤੇ ਜਾਣ, ਜਿਨ੍ਹਾਂ ਨਾਲ ਉਨ੍ਹਾਂ ਦੀ ਖੇਤੀ ਦਾ ਖ਼ਰਚਾ ਨਾ ਵਧੇ ਅਤੇ ਅਗਲੀ ਫ਼ਸਲ ਦੀ ਬਿਜਾਈ ਵੀ ਸਮੇਂ ਸਿਰ ਹੋ ਸਕੇ। ਨਾਲ ਹੀ ਦਿੱਲੀ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਵਾਹਨਾਂ, ਉਦਯੋਗਾਂ, ਉਸਾਰੀ ਕਾਰਜਾਂ ਅਤੇ ਹੋਰ ਸਰੋਤਾਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਘਟਾਉਣ ਲਈ ਵੀ ਠੋਸ ਕਦਮ ਚੁੱਕੇ ਜਾਣ।

ਅੰਤ ਵਿੱਚ ਸਵਾਲ ਇਹ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੂੰ ਦੋਸ਼ੀ ਠਹਿਰਾਇਆ ਜਾਵੇ ਜਾਂ ਨਹੀਂ, ਸਗੋਂ ਸਵਾਲ ਇਹ ਹੈ ਕਿ ਦਿੱਲੀ ਸਮੇਤ ਪੂਰੇ ਉੱਤਰੀ ਭਾਰਤ ਦੀ ਹਵਾ ਨੂੰ ਸਾਫ਼ ਕਰਨ ਲਈ ਸਰਕਾਰਾਂ ਕਿੰਨੀ ਗੰਭੀਰਤਾ ਨਾਲ ਕੰਮ ਕਰ ਰਹੀਆਂ ਹਨ। ਜਦੋਂ ਤੱਕ ਸਿਆਸੀ ਦੋਸ਼ਾਂ ਦੀ ਥਾਂ ਵਿਗਿਆਨਕ ਤੱਥਾਂ, ਕਿਸਾਨਾਂ ਦੀ ਸਹਾਇਤਾ ਅਤੇ ਸਾਂਝੀ ਜਵਾਬਦੇਹੀ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਹਰ ਸਾਲ ਪਰਾਲੀ ਦਾ ਮੁੱਦਾ ਉੱਠਦਾ ਰਹੇਗਾ ਅਤੇ ਕਿਸਾਨ ਸਿਆਸੀ ਬਹਿਸ ਦੇ ਕੇਂਦਰ ਵਿੱਚ ਰਹਿਣਗੇ।

PREETNAMA ਪ੍ਰੀਤਨਾਮਾ ਖਰਾ ਸੱਚ Online and Print Media

13 ਨਵੰਬਰ ਤੋਂ 19 ਨਵੰਬਰ, 2026

ਔਰਤਾਂ ਵਿਰੁੱਧ ਹਿੰਸਾ: ਘਰ, ਸੜਕ ਅਤੇ ਡਿਜੀਟਲ ਦੁਨੀਆ ਵਿੱਚ



ਭਾਰਤੀ ਔਰਤਾਂ ਰਾਜਨੀਤੀ, ਪ੍ਰਸ਼ਾਸਨ, ਫੌਜ, ਸਿੱਖਿਆ ਅਤੇ ਕਾਰੋਬਾਰ ਵਿੱਚ ਉੱਚੇ ਅਹੁਦਿਆਂ ਤੱਕ ਪਹੁੰਚੀਆਂ ਹਨ। ਫਿਰ ਵੀ ਬਹੁਤੀਆਂ ਔਰਤਾਂ ਹਿੰਸਾ, ਅਸਮਾਨਤਾ ਅਤੇ ਸਮਾਜਕ ਪਾਬੰਦੀਆਂ ਦਾ ਸਾਹਮਣਾ ਕਰਦੀਆਂ ਹਨ। ਉਨ੍ਹਾਂ ਦੇ ਕਾਨੂੰਨੀ ਹੱਕਾਂ ਅਤੇ ਰੋਜ਼ਾਨਾ ਜ਼ਿੰਦਗੀ ਦੇ ਤਜਰਬਿਆਂ ਵਿਚਕਾਰਲਾ ਫ਼ਰਕ ਇਸ ਵਿਰੋਧਾਭਾਸ ਨੂੰ ਸਾਫ਼ ਕਰਦਾ ਹੈ।

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦਾ ਅਹੁਦਾ ਔਰਤਾਂ ਦੀਆਂ ਪ੍ਰਾਪਤੀਆਂ ਦਾ ਅਹਿਮ ਪ੍ਰਮਾਣ ਹੈ। ਪਰ ਖੇਤ ਮਜ਼ਦੂਰ ਜਾਂ ਘਰੇਲੂ ਕਾਮੀ ਦੀ ਖੁਦਮੁਖਤਿਆਰੀ ਇਸ ਗੱਲ ਨਾਲ ਜੁੜੀ ਹੈ ਕਿ ਉਸ ਦੀ ਆਪਣੀ ਕਮਾਈ ਅਤੇ ਫੈਸਲਿਆਂ ਉੱਤੇ ਕਿੰਨਾ ਕਾਬੂ ਹੈ। ਉੱਚੇ ਅਹੁਦਿਆਂ ਉੱਤੇ ਔਰਤਾਂ ਦੀ ਗਿਣਤੀ ਦੇ ਨਾਲ ਇਹ ਵੀ ਦੇਖਣਾ ਪੈਂਦਾ ਹੈ ਕਿ ਸਮਾਜਕ ਰਿਸ਼ਤੇ ਆਮ ਔਰਤ ਦੀ ਸੁਰੱਖਿਆ, ਰੁਜ਼ਗਾਰ ਅਤੇ ਘਰ ਅੰਦਰ ਉਸ ਦੀ ਹੈਸੀਅਤ ਨੂੰ ਕਿਵੇਂ ਤੈਅ ਕਰਦੇ ਹਨ।

ਔਰਤਾਂ ਦੀਆਂ ਕਾਮਯਾਬੀਆਂ ਅਸਲ ਹਨ, ਪਰ ਉਨ੍ਹਾਂ ਤੱਕ ਪਹੁੰਚਣ ਲਈ ਲੋੜੀਂਦੇ ਸਾਧਨ ਅਤੇ ਆਜ਼ਾਦੀ ਬਰਾਬਰ ਨਹੀਂ ਵੰਡੇ ਹੋਏ। ਰਾਜਨੀਤੀ, ਵਿ ?ਗਆਨ ਅਤੇ ਪ੍ਰਸ਼ਾਸਨ ਵਿੱਚ ਔਰਤਾਂ ਦੀ ਮੌਜੂਦਗੀ ਨੇ ਉਨ੍ਹਾਂ ਦੀ ਸਮਰੱਥਾ ਬਾਰੇ ਪੁਰਾਣੀਆਂ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਹੈ। ਫਿਰ ਵੀ ਪਰਿਵਾਰ ਦੀ ਆਮਦਨ, ਜਾਤ ਅਤੇ ਧਰਮ ਕਿਸੇ ਕੁੜੀ ਦੇ ਮੌਕਿਆਂ ਨੂੰ ਪ੍ਰਭਾਵਿਤ ਕਰਦੇ ਹਨ। ਸ਼ਹਿਰ ਵਿੱਚ ਕਾਲਜ ਅਤੇ ਆਵਾਜਾਈ ਦੀ ਸਹੂਲਤ ਹੋ ਸਕਦੀ ਹੈ, ਜਦਕਿ ਇੱਕ ਪਿੰਡ ਦੀ ਵਿ ?ਦਆਰਥਣ ਲਈ ਕਾਲਜ ਤੱਕ ਪਹੁੰਚਣਾ ਮਹਿੰਗਾ ਪੈਂਦਾ ਹੈ। ਆਰਥਿਕ ਸਹਾਰਾ ਹੋਵੇ ਤਾਂ ਨੌਕਰੀ ਛੱਡਣ ਜਾਂ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਵੀ ਸੌਖਾ ਹੋ ਜਾਂਦਾ ਹੈ।

ਇਤਿਹਾਸਕ ਤੌਰ ਉੱਤੇ ਜ਼ਮੀਨ, ਕਮਾਈ ਅਤੇ ਘਰੇਲੂ ਫੈਸਲਿਆਂ ਉੱਤੇ ਮਰਦਾਂ ਦੇ ਦਬਦਬੇ ਨੇ ਔਰਤਾਂ ਦੀ ਨਿਰਭਰਤਾ ਵਧਾਈ। ਇਸ ਦਾ ਅਸਰ ਵਿਆਹ, ਪੜ੍ਹਾਈ ਅਤੇ ਨੌਕਰੀ ਦੀ ਚੋਣ ਵਿੱਚ ਅਜੇ ਵੀ ਦਿਸਦਾ ਹੈ। ਆਪਣੀ ਕਮਾਈ ਹੋਣ ਦੇ ਬਾਵਜੂਦ ਹਰ ਔਰਤ ਉਸ ਨੂੰ ਆਪਣੀ ਮਰਜ਼ੀ ਨਾਲ ਖ਼ਰਚ ਨਹੀਂ ਕਰ ਸਕਦੀ। ਗੁਰੂ ਨਾਨਕ ਸਾਹਿਬ ਨੇ ਔਰਤ ਨੂੰ ਮਾਂ, ਧੀ, ਅਤੇ ਪਤਨੀ ਦੇ ਰੂਪ ਵਿੱਚ ਮਰਦ ਦੇ ਬਰਾਬਰ ਸਤਿਕਾਰਯੋਗ ਸਥਾਨ ਦਿੱਤਾ ਅਤੇ ਸਮਾਜ ਵਿੱਚ ਔਰਤ ਵਿਰੋਧੀ ਸੋਚ ਦੀ ਸਖ਼ਤ ਨਿਖੇਧੀ ਕੀਤੀ। ਉਹਨਾਂ ਦੀ ਤੁਕ

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

ਔਰਤ ਦੇ ਮਾਣ ਨੂੰ ਧਾਰਮਿਕ ਆਧਾਰ ਦਿੰਦੀ ਹੈ। ਉਸ ਮਾਣ ਦਾ ਸਮਾਜਕ ਅਰਥ ਉਸ ਦੀ ਸਹਿਮਤੀ ਅਤੇ ਸੁਤੰਤਰ ਫੈਸਲੇ ਨੂੰ ਮੰਨਣਾ ਹੈ। ਰਸਮੀ ਸਤਿਕਾਰ ਨਾਲ ਰੋਜ਼ਾਨਾ ਦੀਆਂ ਪਾਬੰਦੀਆਂ ਖ਼ਤਮ ਨਹੀਂ ਹੁੰਦੀਆਂ। ਫਿਰ ਗੁਰੂ ਸਹਿਬ ਬਾਣੀ ਵਿੱਚ ਲਿਖਦੇ ਹਨ:-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥÷ (ਅੰਗ ???)

ਗੁਰੂ ਨਾਨਕ ਦੇਵ ਜੀ ਸਵਾਲ ਪੁੱਛਦੇ ਹਨ ਕਿ ਉਸ ਔਰਤ ਨੂੰ ਮੰਦਾ ਜਾਂ ਨੀਚ ਕਿਵੇਂ ਕਿਹਾ ਜਾ ਸਕਦਾ ਹੈ, ਜਿਸ ਦੀ ਕੁੱਖੋਂ ਵੱਡੇ-ਵੱਡੇ ਰਾਜੇ, ਮਹਾਰਾਜਾ, ਸੰਤ ਅਤੇ ਮਹਾਂਪੁਰਸ਼ ਜਨਮ ਲੈਂਦੇ ਹਨ ? ਇਸ ਸਾਰੀ ਸ੍ਰਿਸ਼ਟੀ ਵਿੱਚ ਹਰ ਕਿਸੇ ਦਾ ਔਰਤ ਤੋਂ ਹੀ ਜਨਮ ਹੁੰਦਾ ਹੈ, ਸਿਰਫ਼ ਇੱਕ ਅਕਾਲ ਪੁਰਖ (ਪਰਮਾਤਮਾ) ਹੀ ਅਜਿਹਾ ਹੈ ਜੋ ਇਸ ਜਨਮ-ਮਰਨ ਅਤੇ ਇਸਤ੍ਰੀ ਦੇ ਮੋਹ-ਬੰਧਨ ਤੋਂ ਬਾਹਰਾ ਹੈ।

ਜੇਕਰ ਹਿੰਸਾ ਅਤੇ ਕਾਨੂੰਨੀ ਸੁਰੱਖਿਆ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦਾ ਵਿਊਰਾ ਦੇਖਦੇ ਹਾਂ ਤਾਂ ਅੱਜ ਦਾ ਮਰਦ ਪ੍ਰਧਾਨ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਬਿਲਕੁਲ ਉਲਟ ਹੈ 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ 4,45,256 ਮਾਮਲੇ ਦਰਜ ਕੀਤੇ। ਇਹ ਪੁਲਿਸ ਕੋਲ ਦਰਜ ਮਾਮਲਿਆਂ ਦੀ ਗਿਣਤੀ ਹੈ, ਸਾਰੀਆਂ ਅਸਲ ਘਟਨਾਵਾਂ ਦੀ ਨਹੀਂ। ਦਸੰਬਰ 2012 ਦੇ ਦਿੱਲੀ ਜਿਨਸੀ ਹਮਲੇ ਅਤੇ ਅਗਸਤ 2024 ਦੇ ਕੋਲਕਾਤਾ ਹਸਪਤਾਲ ਮਾਮਲੇ ਤੋਂ ਬਾਅਦ ਹੋਏ ਪ੍ਰਦਰਸ਼ਨਾਂ ਨੇ ਜਨਤਕ ਸੁਰੱਖਿਆ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ। ਔਰਤਾਂ ਨੇ ਕੰਮ ਅਤੇ ਜਨਤਕ ਥਾਵਾਂ ਉੱਤੇ ਬੇਖ਼ੌਫ਼ ਮੌਜੂਦਗੀ ਦਾ ਹੱਕ ਮੰਗਿਆ।

ਸੁਰੱਖਿਆ ਦੇ ਨਾਂ ਉੱਤੇ ਔਰਤਾਂ ਦੇ ਬਾਹਰ ਜਾਣ ਦਾ ਸਮਾਂ ਘਟਾਉਣ ਨਾਲ ਜ਼ਿੰਮੇਵਾਰੀ ਉਨ੍ਹਾਂ ਉੱਤੇ ਹੀ ਪੈ ਜਾਂਦੀ ਹੈ। ਇਸ ਦੀ ਥਾਂ ਪੁਲਿਸ ਦੀ ਜਵਾਬਦੇਹੀ, ਸਬੂਤ ਸੰਭਾਲਣ ਦੀ ਢੰਗਸਾਰ ਪ੍ਰ ਕਿ ?ਰਆ ਅਤੇ ਸਮੇਂ ਸਿਰ ਅਦਾਲਤੀ ਸੁਣਵਾਈ ਜਨਤਕ ਸੁਰੱਖਿਆ ਦੇ ਅਹਿਮ ਹਿੱਸੇ ਹਨ। ਸਾਥੀ ਵੱਲੋਂ ਕੁੱਟਮਾਰ ਜਾਂ ਜਿਨਸੀ ਜ਼ਬਰ, ਦਾਜ ਲਈ ਤੰਗ ਕਰਨਾ ਅਤੇ ਦਾਜ ਕਾਰਨ ਮੌਤਾਂ ਵੱਖਰੇ, ਪਰ ਆਪਸ ਵਿੱਚ ਜੁੜੇ ਮਸਲੇ ਹਨ। ਆਰਥਿਕ ਨਿਰਭਰਤਾ ਪੀੜਤ ਲਈ ਘਰ ਛੱਡਣਾ ਔਖਾ ਕਰ ਸਕਦੀ ਹੈ।

1 ਜੁਲਾਈ 2024 ਤੋਂ ਲਾਗੂ ਭਾਰਤੀ ਨਿਆਂ ਸੰਹਿਤਾ ਦੀ ਧਾਰਾ 63 ਵਿੱਚ 18 ਸਾਲ ਜਾਂ ਵੱਧ ਉਮਰ ਦੀ ਪਤਨੀ ਨਾਲ ਪਤੀ ਦੇ ਜਿਨਸੀ ਸੰਬੰਧਾਂ ਨੂੰ ਬਲਾਤਕਾਰ ਦੀ ਪਰਿਭਾਸ਼ਾ ਤੋਂ ਬਾਹਰ ਰੱਖਣ ਵਾਲੀ ਛੋਟ ਕਾਇਮ ਹੈ। ਵਿਆਹ ਅੰਦਰ ਸਹਿਮਤੀ ਨੂੰ ਪੂਰੀ ਕਾਨੂੰਨੀ ਮਾਨਤਾ ਦੇਣ ਦੀ ਮੰਗ ਇਸੇ ਛੋਟ ਨਾਲ ਜੁੜੀ ਹੋਈ ਹੈ।

ਡਿ ?ਜ਼ਟਲ ਹਿੰਸਾ ਵਿੱਚ ਨਿੱਜੀ ਪਤਾ ਜਾਂ ਫ਼ੋਨ ਨੰਬਰ ਜਨਤਕ ਕਰਨਾ, ਬਲਾਤਕਾਰ ਦੀਆਂ ਧਮਕੀਆਂ ਦੇਣਾ ਅਤੇ ਏਆਈ ਨਾਲ ਨੰਗੇਜ਼ ਵਾਲੀਆਂ ਤਸਵੀਰਾਂ ਜੋ ਬਦਨਾਮੀ ਲਈ ਵਰਤੀਆਂ ਜਾਂਦੀਆਂ ਹਨ ਫੈਲਾਉਣਾ ਸ਼ਾਮਲ ਹੈ।ਵਿ ?ਦਆਰਥਣਾਂ, ਪੱਤਰਕਾਰਾਂ ਅਤੇ ਸਮਾਜਕ ਕਾਰਕੁਨਾਂ ਲਈ ਅਜਿਹੇ ਹਮਲੇ ਪੜ੍ਹਾਈ ਅਤੇ ਜਨਤਕ ਵਿਚਾਰ-ਚਰਚਾ ਵਿੱਚ ਹਿੱਸਾ ਲੈਣਾ ਔਖਾ ਕਰਦੇ ਹਨ। ਔਰਤ-ਵਿਰੋਧੀ ਆਨਲਾਈਨ ਸਮੂਹ ਧਮਕੀਆਂ ਨੂੰ ਆਮ ਬਣਾਉਂਦੇ ਹਨ। ਇਨ੍ਹਾਂ ਨੂੰ ਮਜ਼ਾਕ ਕਹਿਣ ਨਾਲ ਪੀੜਤ ਦੇ ਡਰ ਅਤੇ ਪੇਸ਼ੇਵਰ ਨੁਕਸਾਨ ਨੂੰ ਅਣਡਿੱਠਾ ਕੀਤਾ ਜਾਂਦਾ ਹੈ।

ਪੜ੍ਹਾਈ, ਰੁਜ਼ਗਾਰ ਅਤੇ ਸਿਹਤ ਦੀ ਗੱਲ ਕਰਦੇ ਹਾਂ ਤਾਂ ਸਕੂਲਾਂ ਵਿੱਚ ਕੁੜੀਆਂ ਦਾ ਦਾਖ਼ਲਾ ਵਧਿਆ ਹੈ, ਪਰ ਪੜ੍ਹਾਈ ਪੂਰੀ ਕਰਨ, ਢੁੱਕਵਾਂ ਕੰਮ ਲੱਭਣ ਅਤੇ ਸਿਹਤ ਸੰਭਾਲਣ ਦੀਆਂ ਰੁਕਾਵਟਾਂ ਕਾਇਮ ਹਨ। ਘੱਟ ਆਮਦਨ ਵਾਲੇ ਪਰਿਵਾਰਾਂ ਵਿੱਚ ਫੀਸ ਦੇ ਨਾਲ ਆਵਾਜਾਈ ਅਤੇ ਰਹਿਣ ਦਾ ਖ਼ਰਚ ਵੀ ਉੱਚ ਸਿੱਖਿਆ ਔਖੀ ਕਰਦਾ ਹੈ। ਘਰ ਦੇ ਕੰਮ ਅਤੇ ਛੋਟੇ ਭੈਣ-ਭਰਾਵਾਂ ਦੀ ਦੇਖਭਾਲ ਪੜ੍ਹਾਈ ਦਾ ਸਮਾਂ ਘਟਾਉਂਦੇ ਹਨ। ਕਾਲਜ ਦੂਰ ਹੋਵੇ ਤਾਂ ਸੁਰੱਖਿਆ ਦੀ ਚਿੰਤਾ ਵਧਦੀ ਹੈ। ਕੁੜੀ ਨੇ ਅਗਲੇ ਪਿੰਡ ਜਾਂ ਸ਼ਹਿਰ ਜਾਣ÷ ਵਾਲੀ ਸੋਚ ਵੀ ਪਰਿਵਾਰ ਨੂੰ ਉਸ ਦੀ ਉੱਚ ਸਿੱਖਿਆ ਘੱਟ ਤਰਜੀਹ ਦੇਣ ਵੱਲ ਧੱਕ ਦਿੰਦੇ ਹੈ, ਉਸ ਦੇ ਪੈਰਾਂ 'ਚ ਬੇੜੀਆਂ ਪਾ ਦਿੰਦੀ ਹੈ।

ਪੀ ਐਲ ਐਫ ਐਸ 2023-24 ਮੁਤਾਬਕ, 15 ਸਾਲ ਜਾਂ ਵੱਧ ਉਮਰ ਦੀਆਂ ਔਰਤਾਂ ਦੀ ਆਮ ਸਥਿਤੀ ਅਨੁਸਾਰ ਕਿਰਤ-ਸ਼ਕਤੀ ਭਾਗੀਦਾਰੀ 41।7 ਫ਼ੀਸਦੀ ਸੀ। ਇਸ ਅੰਕੜੇ ਵਿੱਚ ਕੰਮ ਕਰਦੀਆਂ ਅਤੇ ਕੰਮ ਲੱਭਦੀਆਂ ਔਰਤਾਂ ਸ਼ਾਮਲ ਹਨ, ਇਸ ਲਈ ਇਹ ਸਿਰਫ਼ ਰਸਮੀ ਨੌਕਰੀਆਂ ਦੀ ਗਿਣਤੀ ਨਹੀਂ। ਖੇਤੀ, ਫੈਕਟਰੀਆਂ ਅਤੇ ਘਰੇਲੂ ਸੇਵਾਵਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਅਸਥਿਰ ਆਮਦਨ ਅਤੇ ਸਮਾਜਕ ਸੁਰੱਖਿਆ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰਕ ਕਾਰੋਬਾਰ ਵਿੱਚ ਬਿਨਾਂ ਮਜ਼ਦੂਰੀ ਕੰਮ ਵੀ ਰੁਜ਼ਗਾਰ ਵਿੱਚ ਗਿ ?ਣਆ ਜਾਂਦਾ ਹੈ। ਇਸ ਲਈ ਭਾਗੀਦਾਰੀ ਵਧਣ ਨਾਲ ਆਪਣੇ ਆਪ ਵਿੱਤੀ ਆਜ਼ਾਦੀ ਸਾਬਤ ਨਹੀਂ ਹੁੰਦੀ।

ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (ਐਨ ਐਫ ਐਚ ਐਸ -5, 2019-21) ਅਨੁਸਾਰ, 15 ਤੋਂ 49 ਸਾਲ ਦੀਆਂ 57 ਫ਼ੀਸਦੀ ਔਰਤਾਂ ਵਿੱਚ ਖ਼ੂਨ ਦੀ ਕਮੀ ਸੀ। ਇਹ ਅੰਕੜਾ ਪੋਸ਼ਣ ਅਤੇ ਇਲਾਜ ਤੱਕ ਪਹੁੰਚ ਦੀ ਅਹਿਮੀਅਤ ਦੱਸਦਾ ਹੈ। ਹਿੰਸਾ, ਕਰਜ਼ਾ ਅਤੇ ਲਗਾਤਾਰ ਦੇਖਭਾਲ ਦੀ ਜ਼ਿੰਮੇਵਾਰੀ ਮਾਨਸਿਕ ਸਿਹਤ ਉੱਤੇ ਵੀ ਅਸਰ ਪਾਉਂਦੇ ਹਨ। ਚਿੰਤਾ ਜਾਂ ਡਿਪਰੈਸ਼ਨ ਨੂੰ ਨਿੱਜੀ ਕਮਜ਼ੋਰੀ ਕਹਿਣ ਨਾਲ ਉਨ੍ਹਾਂ ਆਰਥਿਕ ਅਤੇ ਸਮਾਜਕ ਹਾਲਾਤਾਂ ਨੂੰ ਅਣਡਿੱਠਾ ਕੀਤਾ ਜਾਂਦਾ ਹੈ ਜਿਨ੍ਹਾਂ ਵਿੱਚ ਔਰਤ ਰਹਿੰਦੀ ਹੈ।

ਪਿਤ੍ਰਸੱਤਾਤਮਕ ਬਣਤਰ ਵਿੱਚ ਪਰਿਵਾਰ ਅਤੇ ਸਮਾਜ ਦੇ ਵੱਧ ਅਧਿਕਾਰ ਮਰਦਾਂ ਕੋਲ ਰਹਿੰਦੇ ਹਨ। ਪੁੱਤਰ ਨੂੰ ਵੰਸ਼ ਅਤੇ ਬੁਢਾਪੇ ਦਾ ਸਹਾਰਾ ਮੰਨਣ ਵਾਲੀ ਸੋਚ ਧੀ ਦੇ ਜਨਮ ਪ੍ਰਤੀ ਰਵੱਈਏ ਨੂੰ ਪ੍ਰਭਾਵਿਤ ਕਰਦੀ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ, ਪੰਜਾਬ ਵਿੱਚ ਜ਼ੀਰੋ ਤੋਂ ਛੇ ਸਾਲ ਦੀ ਉਮਰ ਦੇ ਹਰ ਹਜ਼ਾਰ ਮੁੰਡਿਆਂ ਪਿੱਛੇ 846 ਕੁੜੀਆਂ ਸਨ। ਇਹ ਬਾਲ ਲਿੰ ?ਗ ਅਨੁਪਾਤ ਹੈ, ਜਨਮ ਸਮੇਂ ਦਾ ਅਨੁਪਾਤ ਨਹੀਂ।

ਸੁਰਜੀਤ ਸਿੰਘ ਫਲੋਰਾ
647-829-9397

ਨਮ ਤੋਂ ਪਹਿਲਾਂ ਦੀ ਜਾਂਚ ਬਾਰੇ ਕਾਨੂੰਨ ਲਿੰ ?ਗ-ਚੋਣ ਉੱਤੇ ਰੋਕ ਲਾਉਂਦਾ ਹੈ। ਪਰ ਕਾਨੂੰਨ ਲਾਗੂ ਕਰਨ ਦੇ ਨਾਲ ਧੀਆਂ ਦੀ ਖੁਰਾਕ, ਪੜ੍ਹਾਈ ਅਤੇ ਵਿਰਾਸਤੀ ਹਿੱਸੇ ਨੂੰ ਮੰਨਣਾ ਵੀ ਲਾਜ਼ਮੀ ਹੈ। ਜਾਇਦਾਦ ਉੱਤੇ ਅਸਲ ਕਬਜ਼ਾ ਔਰਤ ਦੀ ਆਰਥਿਕ ਸੁਰੱਖਿਆ ਨਾਲ ਜੁੜਿਆ ਹੈ। ਦਲਿਤ ਜਾਂ ਪਛੜੀ ਜਾਤ ਦੀ ਘੱਟ ਆਮਦਨ ਵਾਲੀ ਔਰਤ ਨੂੰ ਲਿੰ ?ਗੀ ਵਿਤਕਰੇ ਦੇ ਨਾਲ ਜਾਤੀ ਭੇਦਭਾਵ ਵੀ ਸਹਿਣਾ ਪੈ ਸਕਦਾ ਹੈ। ਜ਼ਮੀਨ-ਰਹਿਤ ਮਜ਼ਦੂਰ ਲਈ ਮਾਲਕ ਖ਼ਿਲਾਫ਼ ਸ਼ਿਕਾਇਤ ਕਰਨ ਦਾ ਮਤਲਬ ਰੋਜ਼ੀ ਗੁਆਉਣ ਦਾ ਖ਼ਤਰਾ ਹੋ ਸਕਦਾ ਹੈ। ਦੂਰਲੇ ਇਲਾਕਿਆਂ ਵਿੱਚ ਹਸਪਤਾਲ ਜਾਂ ਪੁਲਿਸ ਥਾਣੇ ਤੱਕ ਪਹੁੰਚਣ ਦਾ ਖ਼ਰਚ ਅਤੇ ਪ੍ਰਵਾਸੀ ਔਰਤਾਂ ਲਈ ਸਥਾਨਕ ਸਹਾਇਤਾ ਦੀ ਘਾਟ ਵੀ ਵੱਖਰੀਆਂ ਰੁਕਾਵਟਾਂ ਹਨ।

ਜੇਕਰ ਹੱਕਾਂ ਦੀ ਅਮਲੀ ਵਰਤੋਂ ਵਾਰੇ ਗੱਲ ਕਰਦੇ ਹਾਂ ਤਾਂ ਕਾਨੂੰਨ ਹੱਕ ਦਿੰਦਾ ਹੈ, ਪਰ ਉਸ ਦੀ ਵਰਤੋਂ ਲਈ ਪੈਸਾ, ਸਮਾਂ ਅਤੇ ਸੰਸਥਾਗਤ ਸਹਾਇਤਾ ਵੀ ਚਾਹੀਦੀ ਹੈ। ਪੁਲਿਸ ਕੋਲ ਸ਼ਿਕਾਇਤ ਕਰਨ ਵੇਲੇ ਬੇਰੁਖ਼ੀ ਜਾਂ ਪਰਿਵਾਰਕ ਸਮਝੌਤੇ ਦਾ ਦਬਾਅ ਪੀੜਤ ਨੂੰ ਪਿੱਛੇ ਹਟਾ ਦਿੰਦਾ ਹੈ। ਮੈਡੀਕਲ ਜਾਂਚ ਵਿੱਚ ਦੇਰੀ ਅਤੇ ਸਬੂਤ ਇਕੱਠੇ ਕਰਨ ਦੀਆਂ ਕਮੀਆਂ ਮੁਕੱਦਮੇ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਸੁਣਵਾਈ ਲੰਮੀ ਖਿੱਚਣ ਨਾਲ ਆਵਾਜਾਈ ਅਤੇ ਗੁਆਚੀ ਮਜ਼ਦੂਰੀ ਦਾ ਖ਼ਰਚ ਵੀ ਵਧਦਾ ਹੈ। ਇਸ ਲਈ ਸੁਰੱਖਿਅਤ ਢੰਗ ਨਾਲ ਬਿਆਨ ਦਰਜ ਕਰਨਾ ਅਤੇ ਮੁਫ਼ਤ ਕਾਨੂੰਨੀ ਸਹਾਇਤਾ ਦੇਣਾ ਅਹਿਮ ਹੈ।

ਭਾਰਤ ਵਿੱਚ ਦਾਜ ਰੋਕੂ ਕਾਨੂੰਨ 1961, ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਕਾਨੂੰਨ 2005 ਅਤੇ ਕੰਮਕਾਜੀ ਥਾਂ ਉੱਤੇ ਜਿਨਸੀ ਤੰਗ-ਪਰੇਸ਼ਾਨੀ ਰੋਕੂ ਕਾਨੂੰਨ 2013 ਵੱਖਰੇ ਸੁਰੱਖਿਆ ਢਾਂਚੇ ਦਿੰਦੇ ਹਨ। ਪਰ ਆਸਰਾ-ਘਰ, ਸੁਰੱਖਿਆ ਅਧਿਕਾਰੀ ਜਾਂ ਭਰੋਸੇਯੋਗ ਸ਼ਿਕਾਇਤ ਕਮੇਟੀ ਨਾ ਹੋਵੇ ਤਾਂ ਹੱਕ ਵਰਤਣਾ ਔਖਾ ਰਹਿੰਦਾ ਹੈ। 12 ਮਈ 2023 ਨੂੰ ਔਰੋਲਿਆਨੋ ਫਰਨਾਂਡੇਜ਼ ਬਨਾਮ ਗੋਆ ਰਾਜ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸੰਸਥਾਵਾਂ ਦੀਆਂ ਸ਼ਿਕਾਇਤ ਕਮੇਟੀਆਂ ਬਾਰੇ ਜਾਂਚ ਦੇ ਨਿਰਦੇਸ਼ ਦਿੱਤੇ। ਕਮੇਟੀ ਬਣਾਉਣ ਦੇ ਨਾਲ ਉਸ ਦੀ ਤਰਬੀਅਤ ਅਤੇ ਨਿਰਪੱਖਤਾ ਵੀ ਜ਼ਰੂਰੀ ਹੈ। ਪਰਿਵਾਰ ਜਾਂ ਪੰਚਾਇਤ ਦਾ ਸਮਝੌਤਾ ਅਪਰਾਧਕ ਜਾਂਚ ਦੀ ਥਾਂ ਨਹੀਂ ਲੈ ਸਕਦਾ।

ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਸਿਰਫ਼ ਔਰਤ ਦਾ ਫਰਜ਼ ਮੰਨਣ ਨਾਲ ਉਸ ਦੇ ਰੁਜ਼ਗਾਰ ਦੇ ਮੌਕੇ ਘਟਦੇ ਹਨ। ਘਰੇਲੂ ਕੰਮ ਵਿੱਚ ਮਰਦਾਂ ਦੀ ਹਿੱਸੇਦਾਰੀ ਔਰਤਾਂ ਨੂੰ ਕੰਮ ਚੁਣਨ ਅਤੇ ਉਸ ਲਈ ਸਮਾਂ ਕੱਢਣ ਦੀ ਗੁੰਜਾਇਸ਼ ਦਿੰਦੀ ਹੈ। ਕੰਮਕਾਜੀ ਥਾਵਾਂ ਉੱਤੇ ਬਰਾਬਰ ਮਜ਼ਦੂਰੀ, ਬੱਚਿਆਂ ਦੀ ਦੇਖਭਾਲ ਦੀ ਸਹੂਲਤ ਅਤੇ ਤੰਗ-ਪਰੇਸ਼ਾਨੀ ਦੀ ਭਰੋਸੇਯੋਗ ਜਾਂਚ ਨਾਲ ਠੋਸ ਫ਼ਰਕ ਪੈਂਦਾ ਹੈ। ਸੁਰੱਖਿਅਤ ਜਨਤਕ ਆਵਾਜਾਈ ਵੀ ਰੁਜ਼ਗਾਰ ਤੱਕ ਪਹੁੰਚ ਨਾਲ ਸਿੱਧੀ ਜੁੜੀ ਹੈ।

ਸਥਾਨਕ ਮਹਿਲਾ-ਅਗਵਾਈ ਵਾਲੀਆਂ ਸੰਸਥਾਵਾਂ ਸ਼ਿਕਾਇਤ, ਆਸਰੇ ਅਤੇ ਰੋਜ਼ੀ ਦੇ ਮਸਲਿਆਂ ਵਿੱਚ ਸਾਂਝਾ ਸਹਾਰਾ ਦੇ ਸਕਦੀਆਂ ਹਨ। ਗੁਜਰਾਤ ਵਿੱਚ 1972 ਵਿੱਚ ਬਣੀ ਸਵੈ-ਰੁਜ਼ਗਾਰ ਔਰਤਾਂ ਦੀ ਸੰਸਥਾ ਸੇਵਾ ਗੈਰ-ਰਸਮੀ ਖੇਤਰ ਦੀਆਂ ਕਾਮੀਆਂ ਨੂੰ ਸੰਗਠਿਤ ਕਰਦੀ ਹੈ।ਜਬਰੀ ਵਿਆਹ ਤੋਂ ਬਚੀਆਂ ਔਰਤਾਂ ਲਈ ਆਸਰਾ ਹੈ। ਦੋਵੇਂ ਮਿਸਾਲਾਂ ਵਿੱਚ ਔਰਤਾਂ ਦੀ ਆਪਣੀ ਅਗਵਾਈ ਕੇਂਦਰ ਵਿੱਚ ਹੈ, ਅਤੇ ਸਹਾਇਤਾ ਦਾ ਆਧਾਰ ਉਨ੍ਹਾਂ ਦਾ ਹੱਕ ਹੈ, ਤਰਸ ਨਹੀਂ।

ਉੱਚੇ ਅਹੁਦਿਆਂ ਉੱਤੇ ਔਰਤਾਂ ਦੀ ਮੌਜੂਦਗੀ ਅਤੇ ਕਾਨੂੰਨੀ ਹੱਕ ਭਾਰਤ ਦੀਆਂ ਅਹਿਮ ਪ੍ਰਾਪਤੀਆਂ ਹਨ। ਉਨ੍ਹਾਂ ਦਾ ਸਮਾਜਕ ਅਸਰ ਉਦੋਂ ਦਿਸਦਾ ਹੈ ਜਦੋਂ ਆਮ ਔਰਤ ਪੜ੍ਹਾਈ ਜਾਰੀ ਰੱਖ ਸਕੇ ਅਤੇ ਆਪਣੀ ਕਮਾਈ ਤੇ ਜੀਵਨ ਬਾਰੇ ਫੈਸਲੇ ਕਰ ਸਕੇ। ਸੁਰੱਖਿਆ ਦੇ ਨਾਂ ਉੱਤੇ ਉਸ ਦੀ ਆਵਾਜਾਈ ਰੋਕਣ ਜਾਂ ਪਰਿਵਾਰਕ ਮਾਣ ਲਈ ਉ

PREETNAMA ਪ੍ਰੀਤਨਾਮਾ ਖਰਾ ਸੱਚ Online and Print Media

13 ਨਵੰਬਰ ਤੋਂ 19 ਨਵੰਬਰ, 2026

ਚੋਣਾਂ ਤੋਂ ਪਹਿਲਾਂ ਵਾਅਦਿਆਂ ਦੀ ਨਹੀਂ, ਪੰਜ ਸਾਲਾਂ ਦੇ ਕੰਮਾਂ ਦੀ ਗੱਲ ਹੋਵੇ



ਲੋਕਤੰਤਰ ਵਿੱਚ ਚੋਣਾਂ ਸਿਰਫ਼ ਸਰਕਾਰ ਬਣਾਉਣ ਜਾਂ ਬਦਲਣ ਦਾ ਸਾਧਨ ਨਹੀਂ ਹੁੰਦੀਆਂ, ਸਗੋਂ ਇਹ ਜਨਤਾ ਵੱਲੋਂ ਆਪਣੇ ਚੁਣੇ ਹੋਏ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਦਾ ਸਭ ਤੋਂ ਮਹੱਤਵਪੂਰਨ ਮੌਕਾ ਵੀ ਹੁੰਦੀਆਂ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਦੇਸ਼ ਦੀ ਚੋਣ ਰਾਜਨੀਤੀ ਵਿੱਚ ਅਕਸਰ ਕੰਮਾਂ ਨਾਲੋਂ ਵਾਅਦਿਆਂ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਚੋਣਾਂ ਨੇੜੇ ਆਉਂਦਿਆਂ ਹੀ ਸਿਆਸੀ ਸਰਗਰਮੀਆਂ ਤੇਜ਼ ਹੋ ਜਾਂਦੀਆਂ ਹਨ। ਹਰ ਪਾਸੇ ਰੈਲੀਆਂ, ਰੋਡ ਸ਼ੋਅ, ਭਾਸ਼ਣਾਂ ਅਤੇ ਵਾਅਦਿਆਂ ਦੀ ਗੂੰਜ ਸੁਣਾਈ ਦੇਣ ਲੱਗਦੀ ਹੈ। ਕੋਈ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਦਾ ਹੈ, ਕੋਈ ਕਿਸਾਨਾਂ ਦੀ ਆਮਦਨ ਵਧਾਉਣ ਦੀ ਗੱਲ ਕਰਦਾ ਹੈ, ਕੋਈ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਕ੍ਰਾਂਤੀ ਲਿਆਉਣ ਦੇ ਦਾਅਵੇ ਕਰਦਾ ਹੈ ਅਤੇ ਕੋਈ ਵਿਕਾਸ ਦੇ ਨਵੇਂ ਮਾਡਲ ਪੇਸ਼ ਕਰਦਾ ਹੈ।

ਪਰ ਇੱਕ ਬੁਨਿਆਦੀ ਸਵਾਲ ਅਕਸਰ ਇਨ੍ਹਾਂ ਸਾਰੇ ਵਾਅਦਿਆਂ ਦੇ ਸ਼ੋਰ ਵਿੱਚ ਗੁੰਮ ਹੋ ਜਾਂਦਾ ਹੈ ਕਿ ਜਿਹੜੇ ਲੋਕ ਅੱਜ ਸਾਨੂੰ ਨਵੇਂ ਸੁਪਨੇ ਦਿਖਾ ਰਹੇ ਹਨ, ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਸਾਡੇ ਸੁਪਨੇ ਪੂਰੇ ਕਰਨ ਲਈ ਅਸਲ ਵਿੱਚ ਕੀ ਕੀਤਾ ?

ਹੁਣ ਸਮਾਂ ਆ ਗਿਆ ਹੈ ਕਿ ਚੋਣਾਂ ਦੌਰਾਨ ਸਿਆਸੀ ਆਗੂਆਂ ਤੋਂ ਸਿਰਫ਼ ਨਵੇਂ ਵਾਅਦਿਆਂ ਦੀ ਸੂਚੀ ਨਾ ਸੁਣੀ ਜਾਵੇ, ਸਗੋਂ ਉਨ੍ਹਾਂ ਦੇ ਪਿਛਲੇ ਪੰਜ ਸਾਲਾਂ ਦੇ ਕੰਮਾਂ ਦਾ ਸਪੱਸ਼ਟ ਹਿਸਾਬ ਵੀ ਮੰਗਿਆ ਜਾਵੇ। ਕਿਉਂਕਿ ਲੋਕਤੰਤਰ ਦੀ ਮਜ਼ਬੂਤੀ ਨੇਤਾਵਾਂ ਦੇ ਪ੍ਰਭਾਵਸ਼ਾਲੀ ਭਾਸ਼ਣਾਂ ਵਿੱਚ ਨਹੀਂ, ਸਗੋਂ ਉਨ੍ਹਾਂ ਦੀ ਜਵਾਬਦੇਹੀ ਅਤੇ ਜ਼ਮੀਨੀ ਪੱਧਰ 'ਤੇ ਕੀਤੇ ਗਏ ਕੰਮਾਂ ਵਿੱਚ ਹੁੰਦੀ ਹੈ।

ਸਾਡੇ ਸਮਾਜ ਦੀ ਇੱਕ ਵੱਡੀ ਤ੍ਰਾਸਦੀ ਇਹ ਹੈ ਕਿ ਚੋਣਾਂ ਤੋਂ ਪਹਿਲਾਂ ਹਰ ਸਮੱਸਿਆ ਦਾ ਹੱਲ ਕਰਨ ਦੇ ਭਰੋਸੇ ਦਿੱਤੇ ਜਾਂਦੇ ਹਨ, ਪਰ ਚੋਣਾਂ ਖ਼ਤਮ ਹੁੰਦਿਆਂ ਹੀ ਉਹੀ ਸਮੱਸਿਆਵਾਂ ਦੁਬਾਰਾ ਲੋਕਾਂ ਦੇ ਸਾਹਮਣੇ ਖੜ੍ਹੀਆਂ ਹੋ ਜਾਂਦੀਆਂ ਹਨ। ਕਈ ਵਾਰ ਤਾਂ ਜਿਹੜੇ ਮੁੱਦੇ ਪੰਜ ਸਾਲ ਪਹਿਲਾਂ ਚੋਣ ਪ੍ਰਚਾਰ ਦਾ ਕੇਂਦਰ ਸਨ, ਉਹੀ ਮੁੱਦੇ ਅਗਲੀਆਂ ਚੋਣਾਂ ਵਿੱਚ ਨਵੇਂ ਨਾਅਰਿਆਂ ਨਾਲ ਪੇਸ਼ ਕਰ ਦਿੱਤੇ ਜਾਂਦੇ ਹਨ।

ਜੇਕਰ ਕਿਸੇ ਪਿੰਡ ਵਿੱਚ ਪੰਜ ਸਾਲ ਪਹਿਲਾਂ ਪੀਣ ਵਾਲੇ ਸਾਫ਼ ਪਾਣੀ ਦੀ ਸਮੱਸਿਆ ਸੀ ਅਤੇ ਅੱਜ ਵੀ ਲੋਕ ਉਸੇ ਸਮੱਸਿਆ ਨਾਲ ਜੂਝ ਰਹੇ ਹਨ, ਤਾਂ ਉੱਥੇ ਹੋਏ ਵਿਕਾਸ ਦੇ ਦਾਅਵਿਆਂ 'ਤੇ ਸਵਾਲ ਉੱਠਣਾ ਸੁਭਾਵਿਕ ਹੈ। ਜੇਕਰ ਕਿਸੇ ਸ਼ਹਿਰ ਦੀਆਂ ਸੜਕਾਂ, ਸੀਵਰੇਜ, ਸਫ਼ਾਈ ਅਤੇ ਪਾਣੀ ਦੀ ਨਿਕਾਸੀ ਦੀ ਹਾਲਤ ਵਿੱਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ, ਤਾਂ ਸਿਰਫ਼ ਨਵੇਂ ਪ੍ਰੋਜੈਕਟਾਂ ਦੇ ਐਲਾਨਾਂ ਨਾਲ ਲੋਕਾਂ ਨੂੰ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ।

ਵਿਕਾਸ ਦਾ ਅਰਥ ਸਿਰਫ਼ ਵੱਡੇ-ਵੱਡੇ ਬੋਰਡ ਲਗਾਉਣਾ, ਨੀਂਹ ਪੱਥਰ ਰੱਖਣਾ ਅਤੇ ਉਦਘਾਟਨੀ ਸਮਾਰੋਹ ਕਰਨਾ ਨਹੀਂ ਹੁੰਦਾ। ਅਸਲ ਵਿਕਾਸ ਉਹ ਹੈ ਜੋ ਆਮ ਨਾਗਰਿਕ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਮਹਿਸੂਸ ਹੋਵੇ।

ਚੋਣਾਂ ਦੀ ਅਸਲ ਪਰਖ ਵੱਡੇ ਸਿਆਸੀ ਮੰਚਾਂ 'ਤੇ ਨਹੀਂ, ਸਗੋਂ ਪਿੰਡਾਂ ਦੀਆਂ ਗਲੀਆਂ, ਸ਼ਹਿਰਾਂ ਦੇ ਮੁਹੱਲਿਆਂ ਅਤੇ ਆਮ ਲੋਕਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਵਿੱਚ ਹੁੰਦੀ ਹੈ। ਕਿਸੇ ਵੀ ਹਲਕੇ ਦਾ ਵਿਕਾਸ ਜਾਣਨਾ ਹੋਵੇ ਤਾਂ ਉੱਥੋਂ ਦੇ ਲੋਕਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਉਨ੍ਹਾਂ ਦੀ ਜ਼ਿੰਦਗੀ ਕਿੰਨੀ ਬਿਹਤਰ ਹੋਈ ਹੈ।

ਪਿੰਡਾਂ ਵਿੱਚ ਟੁੱਟੀਆਂ ਸੜਕਾਂ, ਗੰਦੇ ਛੱਪੜ, ਗਲੀਆਂ ਵਿੱਚ ਖੜ੍ਹਾ ਗੰਦਾ ਪਾਣੀ, ਸੀਵਰੇਜ ਦੀ ਘਾਟ, ਪੀਣ ਵਾਲੇ ਪਾਣੀ ਦੀ ਸਮੱਸਿਆ, ਸਟਰੀਟ ਲਾਈਟਾਂ ਦਾ ਬੰਦ ਰਹਿਣਾ, ਸਫ਼ਾਈ ਦੀ ਮਾੜੀ ਵਿਵਸਥਾ ਅਤੇ ਖੇਡ ਮੈਦਾਨਾਂ ਦੀ ਅਣਹੋਂਦ ਵਰਗੇ ਮੁੱਦਿਆਂ ਦਾ ਹੱਲ ਕਿਉਂ ਨਹੀਂ ਹੋਇਆ ? ਪਿੰਡਾਂ ਦੀਆਂ ਫਿਰਨੀਆਂ 'ਤੇ ਨਾਜਾਇਜ਼ ਕਬਜ਼ੇ ਕਿਉਂ ਨਹੀਂ ਹਟਾਏ ਗਏ ? ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਲੋੜੀਂਦੇ ਅਧਿਆਪਕ, ਕਲਾਸਰੂਮ ਅਤੇ ਹੋਰ ਬੁਨਿਆਦੀ ਸਹੂਲਤਾਂ ਕਿਉਂ ਨਹੀਂ ਯਕੀਨੀ ਬਣਾਈਆਂ ਗਈਆਂ ? ਇਸੇ ਤਰ੍ਹਾਂ ਸ਼ਹਿਰਾਂ ਵਿੱਚ ਸੜਕਾਂ 'ਤੇ ਪਏ ਖੱਡੇ, ਟ੍ਰੈਫਿਕ ਜਾਮ, ਪਾਰਕਿੰਗ ਦੀ ਸਮੱਸਿਆ, ਆਵਾਰਾ ਪਸ਼ੂਆਂ ਦਾ ਖ਼ਤਰਾ, ਕੂੜੇ ਦੇ ਢੇਰ, ਨਾਜਾਇਜ਼ ਕਾਲੋਨੀਆਂ, ਸੀਵਰੇਜ ਦੀ ਸਮੱਸਿਆ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਵਰਗੇ ਮੁੱਦਿਆਂ ਦਾ ਹੱਲ ਵੀ ਚੋਣੀ ਚਰਚਾ ਦਾ ਹਿੱਸਾ ਬਣਨਾ ਚਾਹੀਦਾ ਹੈ।

ਹਰ ਵਾਰ ਬਰਸਾਤ ਦੇ ਮੌਸਮ ਵਿੱਚ ਜੇਕਰ ਸੜਕਾਂ ਪਾਣੀ ਨਾਲ ਭਰ ਜਾਂਦੀਆਂ ਹਨ, ਘਰਾਂ ਅਤੇ ਦੁਕਾਨਾਂ ਵਿੱਚ ਪਾਣੀ ਦਾਖ਼ਲ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਸਵਾਲ ਪੁੱਛਣਾ ਬਣਦਾ ਹੈ ਕਿ ਪੰਜ ਸਾਲਾਂ ਦੌਰਾਨ ਪਾਣੀ ਦੀ ਨਿਕਾਸੀ ਲਈ ਕਿਹੜਾ ਪੱਕਾ ਪ੍ਰਬੰਧ ਕੀਤਾ ਗਿਆ ?

ਇਹ ਸਥਾਨਕ ਮੁੱਦੇ ਛੋਟੇ ਨਹੀਂ ਹਨ। ਇਹੀ ਮੁੱਦੇ ਆਮ ਆਦਮੀ ਦੀ ਜ਼ਿੰਦਗੀ ਦੀ ਗੁਣਵੱਤਾ ਤੈਅ ਕਰਦੇ ਹਨ। ਕਿਸੇ ਹਲਕੇ ਦਾ ਵਿਕਾਸ ਉਸ ਦੇ ਉਦਘਾਟਨੀ ਪੱਥਰਾਂ ਦੀ ਗਿਣਤੀ ਨਾਲ ਨਹੀਂ, ਸਗੋਂ ਉੱਥੋਂ ਦੇ ਲੋਕਾਂ ਦੀਆਂ ਹੱਲ ਹੋਈਆਂ ਸਮੱਸਿਆਵਾਂ ਨਾਲ ਮਾਪਿਆ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਹਰ ਹਲਕੇ ਵਿੱਚ ਖੇਡ ਸਟੇਡੀਅਮਾਂ, ਲਾਇਬ੍ਰੇਰੀਆਂ, ਹੁਨਰ ਸਿਖਲਾਈ ਕੇਂਦਰਾਂ ਅਤੇ ਨੌਜਵਾਨਾਂ ਲਈ ਰੁਜ਼ਗਾਰ ਮਾਰਗਦਰਸ਼ਨ ਕੇਂਦਰਾਂ ਦੀ ਸਥਿਤੀ ਬਾਰੇ ਵੀ ਸਵਾਲ ਹੋਣੇ ਚਾਹੀਦੇ ਹਨ। ਨੌਜਵਾਨਾਂ ਨੂੰ ਸਿਰਫ਼ ਚੋਣ ਰੈਲੀਆਂ ਵਿੱਚ ਭੀੜ ਵਧਾਉਣ ਲਈ ਨਹੀਂ, ਸਗੋਂ ਦੇਸ਼ ਅਤੇ ਸੂਬੇ ਦੇ ਨਿਰਮਾਣ ਵਿੱਚ ਭਾਗੀਦਾਰ ਬਣਾਉਣ ਦੀ ਲੋੜ ਹੈ।

ਸਾਡੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਕਿਸਾਨ ਅਤੇ ਮਜ਼ਦੂਰ ਹਨ। ਕਿਸਾਨ ਦੀ ਫ਼ਸਲ, ਖੇਤੀ ਦੀ ਲਾਗਤ, ਮੰਡੀ ਵਿੱਚ ਮਿਲਣ ਵਾਲੀ ਕੀਮਤ, ਨਹਿਰੀ ਪਾਣੀ ਦੀ ਉਪਲਬਧਤਾ, ਸਿੰਚਾਈ ਦੇ ਸਾਧਨ ਅਤੇ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਕਿਸੇ ਵੀ ਸਰਕਾਰ ਦੀਆਂ ਤਰਜੀਹਾਂ ਵਿੱਚ ਹੋਣਾ ਚਾਹੀਦਾ ਹੈ।

ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਹੱਕ ਵਿੱਚ ਭਾਸ਼ਣ ਦੇਣ ਵਾਲਿਆਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਿਸਾਨਾਂ ਦੀਆਂ ਕਿਹੜੀਆਂ ਸਮੱਸਿਆਵਾਂ ਦਾ ਸਥਾਈ ਹੱਲ ਹੋਇਆ ? ਕੀ ਖੇਤਾਂ ਤੱਕ ਜਾਂਦੇ ਰਸਤੇ ਸੁਧਰੇ ? ਕੀ ਨਹਿਰੀ ਪਾਣੀ ਦੀ ਸਪਲਾਈ ਬਿਹਤਰ ਹੋਈ ? ਕੀ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਸਮੇਂ ਸਿਰ ਮਿਲਿਆ ?

ਇਸੇ ਤਰ੍ਹਾਂ ਮਜ਼ਦੂਰ ਵਰਗ ਲਈ ਰੁਜ਼ਗਾਰ ਦੀ ਸੁਰੱਖਿਆ, ਉਚਿਤ ਮਿਹਨਤਾਨਾ ਅਤੇ ਬੁਨਿਆਦੀ ਸਹੂਲਤਾਂ ਯਕੀਨੀ ਬਣਾਉਣਾ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ। ਛੋਟੇ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਕਾਰੋਬਾਰ ਚਲਾਉਣ ਲਈ ਸਹੂਲਤਾਂ ਦੇਣਾ ਅਤੇ ਉਨ੍ਹਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਸਮਝਣਾ ਵੀ ਵਿਕਾਸ ਦਾ ਹੀ ਹਿੱਸਾ ਹੈ।

ਕਿਸੇ ਵੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਪਰਖਣ ਲਈ ਸਿੱਖਿਆ ਅਤੇ ਸਿਹਤ ਦੇ ਖੇਤਰ ਸਭ ਤੋਂ ਮਹੱਤਵਪੂਰਨ ਹਨ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਉਪਲਬਧਤਾ, ਕਲਾਸਰੂਮਾਂ ਦੀ ਹਾਲਤ, ਪੜ੍ਹਾਈ ਦਾ ਮਿਆਰ, ਲਾਇਬ੍ਰੇਰੀਆਂ, ਲੈਬੋਰਟਰੀਆਂ ਅਤੇ ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੀ ਸਮੀਖਿਆ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ, ਦਵਾਈਆਂ, ਮੈਡੀਕਲ ਉਪਕਰਨਾਂ ਅਤੇ ਐਮਰਜੈਂਸੀ ਸੇਵਾਵਾਂ ਦੀ ਸਥਿਤੀ ਦਾ ਹਿਸਾਬ ਵੀ ਜਨਤਾ ਦੇ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ। ਕੀ ਪਿੰਡਾਂ ਦੇ ਸਿਹਤ ਕੇਂਦਰਾਂ ਵਿੱਚ ਲੋੜੀਂਦਾ ਸਟਾਫ਼ ਮੌਜੂਦ ਹੈ ? ਕੀ ਸਰਕਾਰੀ ਹਸਪਤਾਲਾਂ ਵਿੱਚ ਆਮ ਲੋਕਾਂ ਨੂੰ ਸਮੇਂ ਸਿਰ ਇਲਾਜ ਮਿਲਦਾ ਹੈ ? ਕੀ ਐਮਰਜੈਂਸੀ ਸਮੇਂ ਮਰੀਜ਼ਾਂ ਨੂੰ ਲੋੜੀਂਦੀਆਂ ਸਹੂਲਤਾਂ ਉਪਲਬਧ ਹੁੰਦੀਆਂ ਹਨ ?

ਜੇਕਰ ਇੱਕ ਆਮ ਪਰਿਵਾਰ ਨੂੰ ਇਲਾਜ ਲਈ ਆਪਣੀ ਜੇਬ ਵਿੱਚੋਂ ਵੱਡੀ ਰਕਮ ਖਰਚਣੀ ਪੈਂਦੀ ਹੈ ਜਾਂ ਇੱਕ ਗਰੀਬ ਬੱਚੇ ਨੂੰ ਚੰਗੀ ਸਿੱਖਿਆ ਲਈ ਨਿੱਜੀ ਸੰਸਥਾਵਾਂ ਦਾ ਸਹਾਰਾ ਲੈਣਾ ਪੈਂਦਾ ਹੈ, ਤਾਂ ਸਾਨੂੰ ਵਿਕਾਸ ਦੇ ਦਾਅਵਿਆਂ ਦੀ ਅਸਲ ਸਥਿਤੀ ਬਾਰੇ ਸੋਚਣ ਦੀ ਲੋੜ ਹੈ। ਵਿਕਾਸ ਦਾ ਅਰਥ ਸਿਰਫ਼ ਸੜਕਾਂ ਅਤੇ ਇਮਾਰਤਾਂ ਬਣਾਉਣਾ ਨਹੀਂ, ਸਗੋਂ ਸਰਕਾਰੀ ਸੇਵਾਵਾਂ ਨੂੰ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣਾ ਵੀ ਹੈ। ਅੱਜ ਵੀ ਬਹੁਤ ਸਾਰੇ ਲੋਕਾਂ ਨੂੰ ਆਪਣੇ ਛੋਟੇ-ਛੋਟੇ ਕੰਮਾਂ ਲਈ ਸਰਕਾਰੀ ਦਫ਼ਤਰਾਂ ਦੇ ਵਾਰ-ਵਾਰ ਚੱਕਰ ਲਗਾਉਣੇ ਪੈਂਦੇ ਹਨ। ਬੁਢਾਪਾ ਪੈਨਸ਼ਨ, ਰਾਸ਼ਨ ਕਾਰਡ, ਜਨਮ ਅਤੇ ਮੌਤ ਸਰਟੀਫਿਕੇਟ, ਜ਼ਮੀਨੀ ਇੰਤਕਾਲ, ਬਿਜਲੀ ਕੁਨੈਕਸ਼ਨ ਅਤੇ ਹੋਰ ਬੁਨਿਆਦੀ ਸੇਵਾਵਾਂ ਸਮੇਂ ਸਿਰ ਮਿਲ ਰਹੀਆਂ ਹਨ ਜਾਂ ਨਹੀਂ, ਇਹ ਵੀ ਸਰਕਾਰ ਦੀ ਕਾਰਗੁਜ਼ਾਰੀ ਦਾ ਹਿੱਸਾ ਹੈ। ਕੀ ਆਮ ਨਾਗਰਿਕ ਦੀ ਸ਼ਿਕਾਇਤ ਦਾ ਸਮੇਂ ਸਿਰ ਨਿਪਟਾਰਾ ਹੁੰਦਾ ਹੈ ? ਕੀ ਸਰਕਾਰੀ ਦਫ਼ਤਰਾਂ ਵਿੱਚ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ ? ਕੀ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਗਈ ਹੈ ?

ਜਦੋਂ ਇੱਕ ਆਮ ਨਾਗਰਿਕ ਨੂੰ ਆਪਣੇ ਜਾਇਜ਼ ਕੰਮ ਲਈ ਵੀ ਸਿਫ਼ਾਰਸ਼ਾਂ ਅਤੇ ਦਫ਼ਤਰੀ ਚੱਕਰਾਂ ਦਾ ਸਹਾਰਾ ਲੈਣਾ ਪਵੇ, ਤਾਂ ਇਹ ਪ੍ਰਬੰਧਕੀ ਢਾਂਚੇ ਲਈ ਚਿੰਤਾ ਦਾ ਵਿਸ਼ਾ ਹੈ।

ਇਸ ਸਾਰੇ ਮਾਮਲੇ ਵਿੱਚ ਸਿਰਫ਼ ਸਿਆਸਤਦਾਨਾਂ ਨੂੰ ਦੋਸ਼ੀ ਠਹਿਰਾਉਣਾ ਕਾਫ਼ੀ ਨਹੀਂ। ਵੋਟਰਾਂ ਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਹੈ। ਜਦੋਂ ਅਸੀਂ ਜਾਤ, ਧਰਮ, ਨਿੱਜੀ ਸਬੰਧਾਂ, ਛੋਟੇ-ਮੋਟੇ ਲਾਲਚਾਂ ਜਾਂ ਭਾਵਨਾਤਮਕ ਨਾਅਰਿਆਂ ਦੇ ਆਧਾਰ 'ਤੇ ਵੋਟ ਪਾਉਂਦੇ ਹਾਂ, ਤਾਂ ਅਸੀਂ ਅਣਜਾਣੇ ਵਿੱਚ ਜਵਾਬਦੇਹੀ ਦੀ ਰਾਜਨੀਤੀ ਨੂੰ ਕਮਜ਼ੋਰ ਕਰਦੇ ਹਾਂ।

ਹਰਪ੍ਰੀਤ ਸਿੰਘ ਬਰਾੜ
ਏਅਰ ਫੋਰਸ ਰੋਡ, ਬਠਿੰਡਾ

ਸਾਨੂੰ ਆਪਣੇ ਨੁਮਾਇੰਦਿਆਂ ਨੂੰ ਇਹ ਸਵਾਲ ਪੁੱਛਣ ਦੀ ਆਦਤ ਪਾਉਣੀ ਪਵੇਗੀ ਕਿ ਉਨ੍ਹਾਂ ਨੇ ਸਾਡੇ ਇਲਾਕੇ ਲਈ ਕੀ ਕੀਤਾ ? ਕਿਹੜੇ ਵਿਕਾਸ ਕਾਰਜ ਪੂਰੇ ਕਰਵਾਏ ? ਕਿਹੜੀਆਂ ਸਮੱਸਿਆਵਾਂ ਨੂੰ ਹੱਲ ਕਰਵਾਇਆ ? ਕਿਹੜੇ ਵਾਅਦੇ ਅਧੂਰੇ ਰਹਿ ਗਏ ਅਤੇ ਉਨ੍ਹਾਂ ਦੇ ਪਿੱਛੇ ਕੀ ਕਾਰਨ ਸਨ ?

ਕੀ ਸਾਡੇ ਚੁਣੇ ਹੋਏ ਨੁਮਾਇੰਦੇ ਪੰਜ ਸਾਲਾਂ ਦੌਰਾਨ ਲੋਕਾਂ ਦੇ ਵਿਚਕਾਰ ਰਹੇ ? ਕੀ ਉਨ੍ਹਾਂ ਨੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ? ਕੀ ਉਹ ਸਿਰਫ਼ ਚੋਣਾਂ ਸਮੇਂ ਹੀ ਲੋਕਾਂ ਦੇ ਦਰਵਾਜ਼ਿਆਂ ਤੱਕ ਪਹੁੰਚੇ ਜਾਂ ਪੂਰੇ ਕਾਰਜਕਾਲ ਦੌਰਾਨ ਲੋਕਾਂ ਨਾਲ ਸੰਪਰਕ ਵਿੱਚ ਰਹੇ ? ਲੋਕਤੰਤਰ ਵਿੱਚ ਵੋਟ ਪਾਉਣਾ ਸਾਡਾ ਅਧਿਕਾਰ ਹੈ, ਪਰ ਸਹੀ ਉਮੀਦਵਾਰ ਦੀ ਚੋਣ ਕਰਨਾ ਸਾਡੀ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਵੀ ਹੈ। ਇਹ ਸਮਾਂ ਹੈ ਕਿ ਚੋਣ ਪ੍ਰਚਾਰ ਦੀ ਦਿਸ਼ਾ ਬਦਲੀ ਜਾਵੇ। ਹਰ ਉਮੀਦਵਾਰ ਅਤੇ ਹਰ ਰਾਜਨੀਤਿਕ ਪਾਰਟੀ ਨੂੰ ਆਪਣੇ ਪਿਛਲੇ ਕਾਰਜਕਾਲ ਦੀ ਕਾਰਗੁਜ਼ਾਰੀ ਜਨਤਾ ਦੇ ਸਾਹਮਣੇ ਰੱਖਣੀ ਚਾਹੀਦੀ ਹੈ। ਕਿੰਨੇ ਵਾਅਦੇ ਪੂਰੇ ਹੋਏ, ਕਿੰਨੇ ਅਧੂਰੇ ਰਹੇ, ਕਿੰਨਾ ਬਜਟ ਖਰਚ ਹੋਇਆ, ਕਿਹੜੇ ਵਿਕਾਸ ਕਾਰਜ ਸਮੇਂ ਸਿਰ ਪੂਰੇ ਹੋਏ ਅਤੇ ਉਨ੍ਹਾਂ ਦਾ ਨਤੀਜਾ ਕੀ ਨਿਕਲਿਆ—ਇਹ ਸਾਰੇ ਸਵਾਲ ਚੋਣੀ ਚਰਚਾ ਦਾ ਹਿੱਸਾ ਬਣਨੇ ਚਾਹੀਦੇ ਹਨ। ਜੇਕਰ ਕੋਈ ਉਮੀਦਵਾਰ ਨਵੀਆਂ ਸੜਕਾਂ ਬਣਾਉਣ ਦਾ ਵਾਅਦਾ ਕਰਦਾ ਹੈ, ਤਾਂ ਉਸ ਤੋਂ ਪੁੱਛਿਆ ਜਾਵੇ ਕਿ ਪਿਛਲੀਆਂ ਸੜਕਾਂ ਦੀ ਮੁਰੰਮਤ ਕਿਉਂ ਨਹੀਂ ਹੋਈ ? ਜੇਕਰ ਉਹ ਰੁਜ਼ਗਾਰ ਦੇਣ ਦੀ ਗੱਲ ਕਰਦਾ ਹੈ, ਤਾਂ ਪੁੱਛਿਆ ਜਾਵੇ ਕਿ ਪਿਛਲੇ ਸਮੇਂ ਵਿੱਚ ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ? ਜੇਕਰ ਉਹ ਭ੍ਰਿਸ਼ਟਾਚਾਰ ਖ਼ਤਮ ਕਰਨ ਦੀ ਗੱਲ ਕਰਦਾ ਹੈ, ਤਾਂ ਪੁੱਛਿਆ ਜਾਵੇ ਕਿ ਉਸ ਦੇ ਕਾਰਜਕਾਲ ਦੌਰਾਨ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਕਿਹੜੇ ਠੋਸ ਕਦਮ ਚੁੱਕੇ ਗਏ ? ਇਸ ਤੋਂ ਇਲਾਵਾ ਜਨਤਾ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਸਾਡੇ ਹਲਕੇ ਵਿੱਚ ਕਿੰਨੇ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਹੋਇਆ ਅਤੇ ਕਿੰਨੇ ਅਸਲ ਵਿੱਚ ਪੂਰੇ ਹੋਏ ? ਕਿੰਨੇ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਹਾਲਤ ਸੁਧਰੀ ? ਕਿੰਨੇ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਹੱਲ ਹੋਈਆਂ ? ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਅਤੇ ਕਿੰਨੀਆਂ ਸਥਾਨਕ ਸਮੱਸਿਆਵਾਂ ਦਾ ਸਥਾਈ ਹੱਲ ਕੀਤਾ ਗਿਆ ?

ਇਨ੍ਹਾਂ ਸਵਾਲਾਂ ਨਾਲ ਹੀ ਚੋਣਾਂ ਵਿਅਕਤੀਗਤ ਪ੍ਰਭਾਵ, ਭਾਵਨਾਤਮਕ ਨਾਅਰਿਆਂ ਅਤੇ ਵੱਡੇ-ਵੱਡੇ ਦਾਅਵਿਆਂ ਤੋਂ ਬਾਹਰ ਨਿਕਲ ਕੇ ਅਸਲ ਜਨਤਕ ਮੁੱਦਿਆਂ 'ਤੇ ਕੇਂਦਰਿਤ ਹੋ ਸਕਦੀਆਂ ਹਨ।

ਲੋਕਤੰਤਰ ਵਿ

ਇਕੱਲਿਆਂ ਹੀ ਆਪਣੀ ਬੋਲੀ ਨੂੰ ਅਲੋਪ ਹੋਣ ਤੋਂ ਬਚਾਉਣ ਵਾਲੀ: ਮੈਰੀ ਵਿਲਕੌਕਸ



ਸੁਖਵੰਤ ਹੁੰਦਲ

ਮੈਰੀ ਵਿਲਕੌਕਸ ਕੈਲੀਫੋਰਨੀਆ ਦੀ ਸਾਂਵਾਕਿਨ ਵੈਲੀ ਵਿਚਲੇ ਯੋਕਟਸ ਮੂਲਵਾਸੀ ਕਬੀਲਿਆਂ ਦੇ ਇਕ ਕਬੀਲੇ ਨਾਲ ਸੰਬੰਧਿਤ ਸੀ। ਉਸ ਕਬੀਲੇ ਦੀ ਬੋਲੀ ਵਹਕਚੁਮਨੀ ਸੀ। ਉਸ ਦੀ ਜ਼ਿੰਦਗੀ ਦੇ ਇਕ ਪੜਾਅ ▼ਤੇ (ਸੰਨ 2013-14 ਦੇ ਦੁਆਲੇ) ਦੁਨੀਆ ਵਿੱਚ ਉਹ ਹੀ ਇੱਕੋ ਇਕ ਵਿਅਕਤੀ ਸੀ ਜਿਹੜੀ ਵਹਕਚੁਮਨੀ ਬੋਲ ਸਕਦੀ ਸੀ। ਉਸ ਦੀ ਮੌਤ ਦੇ ਨਾਲ ਹੀ ਵਹਕਚੁਮਨੀਦੀ ਮੌਤ ਹੋਣਾ ਨਿਸ਼ਚਿਤ ਸੀ। ਪਰ ਅਜਿਹਾ ਨਹੀਂ ਹੋਇਆ ਕਿਉਂਕਿ ਆਪਣੀ ਉਮਰ ਦੇ ਸੱਤਵੇਂ ਦਹਾਕੇ ਵਿੱਚ ਉਸ ਨੇ ਆਪਣੀ ਬੋਲੀ ਵਹਕਚੁਮਨੀ ਦੀ ਡਿਕਸ਼ਨਰੀ ਬਣਾਉਣ ਦਾ ਕਾਰਜ ਸ਼ੁਰੂ ਕੀਤਾ ਅਤੇ ਆਪਣੀ ਮੌਤ ਤੋਂ ਪਹਿਲਾਂ 6000 ਸ਼ਬਦਾਂ ਦੀ ਇਹ ਡਿਕਸ਼ਨਰੀ ਤਿਆਰ ਕਰ ਲਈ। ਇਸ ਲੇਖ ਵਿੱਚ ਮੈਰੀ ਵਿਲਕੌਕਸ ਅਤੇ ਉਸ ਦੀ ਡਿਕਸ਼ਨਰੀ ਦੀ ਕਹਾਣੀ ਪੇਸ਼ ਹੈ।

ਮੈਰੀ ਵਿਲਕੌਕਸ ਦਾ ਜਨਮ 24 ਨਵੰਬਰ 1933 ਨੂੰ ਕੈਲੀਫੋਰਨੀਆ ਦੀ ਸਾਂਵਾਕਿਨ ਵੈਲੀ ਵਿੱਚ ਹੋਇਆ। ਆਪਣੇ ਸੱਤ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੀ ਮੈਰੀ ਇਕ ਰੈਂਚ (ਫਾਰਮ) ▼ਤੇ ਜੰਮੀ ਪਲੀ ਅਤੇ ਵੱਡੀ ਹੋਈ। ਉਸ ਦਾ ਪਿਤਾ ਖੇਤਾਂ ਵਿੱਚ ਕੰਮ ਕਰਦਾ ਸੀ। ਅੱਠਵੀਂ ਤੱਕ ਪੜ੍ਹਨ ਤੋਂ ਬਾਅਦ ਉਹ ਵੀ ਖੇਤਾਂ ਵਿੱਚ ਕੰਮ ਕਰਨ ਲੱਗੀ।

ਬਚਪਨ ਵਿੱਚ ਉਸ ਨੂੰ ਉਸ ਦੀ ਗਰੈਂਡਮਦਰ (ਦਾਦੀ ਜਾਂ ਨਾਨੀ) ਨੇ ਪਾਲਿਆ। ਉਸ ਦੀ ਦਾਦੀ/ਨਾਨੀ ਉਸ ਨਾਲ ਵਹਕਚੁਮਨੀ ਵਿੱਚ ਗੱਲਬਾਤ ਕਰਦੀ ਸੀ। ਉਸ ਦੇ ਬਚਪਨ ਵਿੱਚ ਹੀ ਉਸ ਦੀ ਦਾਦੀ/ਨਾਨੀ ਦੀ ਮੌਤ ਹੋ ਗਈ ਅਤੇ ਉਸ ਦਾ ਆਪਣੀ ਬੋਲੀ ਵਹਕਚੁਮਨੀ ਨਾਲ ਨਾਤਾ ਟੁੱਟ ਗਿਆ। ਸਾਲਾਂ ਬਾਅਦ ਇਸ ਬਾਰੇ ਗੱਲ ਕਰਦਿਆਂ ਉਸ ਨੇ ਕਿਹਾ, ÷ਜਦੋਂ ਮੇਰੀ ਦਾਦੀ/ਨਾਨੀ ਦੀ ਮੌਤ ਹੋਈ, ਮੈਂ ਆਪਣੀ ਇੰਡੀਅਨ ਬੋਲੀ ਨੂੰ ਪਿੱਛੇ ਛੱਡ ਦਿੱਤਾ।÷

ਉਹ ਵੱਡੀ ਹੋਈ। ਆਪਣਾ ਪਰਿਵਾਰ ਸ਼ੁਰੂ ਕੀਤਾ। ਪਰ ਇਸ ਸਾਰੇ ਸਮੇਂ ਦੌਰਾਨ ਉਹ ਅੰਗਰੇਜ਼ੀ ਬੋਲਦੀ ਸੀ। ਉਸ ਦੀ ਬੋਲੀ ਵਹਕਚੁਮਨੀ ਦੇ ਸ਼ਬਦ ਉਸ ਦੇ ਅੰਦਰ ÷ਕਿਤੇ ਡੂੰਘੇ ਦੱਬੇ ਪਏ ਸਨ, ਬਿਲਕੁਲ ਅਣਛੋਹੇ÷।

ਜਦੋਂ ਉਸ ਦੀ ਉਮਰ ਸੱਤਰਾਂ ਸਾਲਾਂ ਦੇ ਨੇੜੇ ਤੇੜੇ ਸੀ, ਉਸ ਸਮੇਂ ਉਸ ਨੇ ਦੇਖਿਆ ਕਿ ਉਸ ਦੀਆਂ ਭੈਣਾਂ ਪਰਿਵਾਰ ਦੇ ਬੱਚਿਆਂ ਨੂੰ ਵਹਕਚੁਮਨੀ ਸਿਖਾਲਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਇਹ ਦੇਖ ਕੇ ਉਹਦੇ ਅੰਦਰ ਆਪਣੀ ਬੋਲੀ ਦੇ ਸ਼ਬਦਾਂ ਦੀ ਇਕ ਡਿਕਸ਼ਨਰੀ ਬਣਾਉਣ ਦਾ ਖਿਆਲ ਉਗਮਿਆ। ਉਹ ਆਪਣੀ ਯਾਦਦਾਸ਼ਤ ਦੇ ਆਧਾਰ ▼ਤੇ ਵਹਕਚੁਮਨੀ ਦੇ ਸ਼ਬਦਾਂ ਨੂੰ ਲਿਖਣ ਲੱਗੀ। ਉਹ ਲਫਾਫਿਆਂ ਦੇ ਪਿੱਛੇ, ਰੱਦੀ ਦੇ ਕਾਗਜ਼ਾਂ ▼ਤੇ, ਅਤੇ ਖਾਲੀ ਥਾਂ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਚੀਜ਼ਾਂ ▼ਤੇ ਆਪਣੀ ਬੋਲੀ ਦੇ ਸ਼ਬਦ ਲਿਖਣ ਲੱਗੀ। ਛੇਤੀ ਹੀ ਉਸ ਨੇ ਆਪਣੀ ਬੋਲੀ ਦੇ ਬਹੁਤ ਸਾਰੇ ਸ਼ਬਦਾਂ ਨੂੰ ਕਾਗਜ਼ਾਂ ▼ਤੇ ਉਤਾਰ ਲਿਆ। ਉਸ ਦੀ ਧੀ ਜੈਨੀਫਰ ਮਲੋਨ ਇਹ ਦੇਖ ਕੇ ਬਹੁਤ ਹੈਰਾਨ ਹੋਈ। ਉਸ ਨੇ ਸੋਚਿਆ ਨਹੀਂ ਸੀ ਕਿ ਉਸ ਦੀ ਮਾਂ ਨੂੰ ਇੰਨੇ ਸ਼ਬਦ ਯਾਦ ਹੋਣਗੇ। ਜੈਨੀਫਰ ਉਹਨਾਂ ਕਾਗਜ਼ਾਂ ਨੂੰ ਸੰਭਾਲਣ ਅਤੇ ਤਰਤੀਬ ਦੇਣ ਵਿੱਚ ਆਪਣੀ ਮਾਂ ਦੀ ਮਦਦ ਕਰਨ ਲੱਗੀ।

ਪਰ ਕਾਗਜ਼ ਗਵਾਚ ਸਕਦੇ ਸਨ ਅਤੇ ਉਹਨਾਂ ▼ਤੇ ਲਿਖੇ ਸ਼ਬਦ ਵੀ। ਇਸ ਦੇ ਨਾਲ ਹੀ ਕਾਗਜ਼ਾਂ ▼ਤੇ ਲਿਖੇ ਸ਼ਬਦਾਂ ਨੂੰ ਤਰਤੀਬ ਦੇਣੀ, ਸੋਧਣਾ ਔਖਾ ਸੀ। ਇਸ ਲਈ ਮੈਰੀ ਨੇ ਆਪਣੀ ਉਮਰ ਦੇ ਇਸ ਪੜਾਅ ▼ਤੇ ਕੰਪਿਊਟਰ ਵਰਤਣਾ ਸਿੱਖਣ ਦਾ ਮਨ ਬਣਾਇਆ ਅਤੇ ਕੰਪਿਊਟਰ ਵਰਤਣਾ ਸਿੱਖਿਆ। ਫਿਰ ਉਹ ਕੰਪਿਊਟਰ ▼ਤੇ ਇਹਨਾਂ ਸ਼ਬਦਾਂ ਨੂੰ ਟਾਇਪ ਕਰਨ ਲੱਗੀ। ਕਿਸੇ ਸਿੱਖਿਅਤ ਟਾਈਪਿਸਟ ਵਾਂਗ ਨਹੀਂ, ਸਗੋਂ ਅਨਾੜੀ ਟਾਈਪਿਸਟ ਵਾਂਗ। ਉਹ ਕੀਬੋਰਡ ▼ਤੇ ਇਕ ਇਕ ਅੱਖਰ ਲੱਭ ਕੇ ਉਹਨਾਂ ਨੂੰ ਇਕੱਲੀ ਇਕੱਲੀ ਉਂਗਲ ਨਾਲ ਟਾਇਪ ਕਰਦੀ। ਅਪਾਚੀ ਇੰਡੀਅਨ ਕਬੀਲੇ ਦਾ ਇਕ ਨੌਜਵਾਨ ਨਿਕੋਲਸ ਲੂਨਾ ਉਸ ਦੀ ਕੰਪਿਊਟਰ ਵਰਤਣ ਅਤੇ ਸਿੱਖਣ ਵਿੱਚ ਮਦਦ ਕਰਨ ਲੱਗਾ। ਉਹ ਸਵੇਰ ਨੂੰ ਛੇਤੀ ਉੱਠਦੀ ਅਤੇ ਆਪਣੀ ਡਿਕਸ਼ਨਰੀ ▼ਤੇ ਕੰਮ ਕਰਨ ਲਗਦੀ ਅਤੇ ਦੇਰ ਰਾਤ ਤੱਕ ਇਸ ▼ਤੇ ਕੰਮ ਕਰਦੀ ਰਹਿੰਦੀ। ਉਸ ਦੀ ਧੀ ਜੈਨੀਫਰ ਦੇ ਕਹਿਣ ਅਨੁਸਾਰ ÷ਡਿਕਸ਼ਨਰੀ ਹੀ ਉਸ ਦੀ ਜ਼ਿੰਦਗੀ÷ਬਣ ਗਈ।

ਉਸ ਦਾ ਪਰਿਵਾਰ ਉਸ ਦੇ ਕੰਮ ਦੀ ਮਹੱਤਤਾ ਨੂੰ ਨਹੀਂ ਸਮਝਦਾ ਸੀ। ਉਸ ਦੇ ਪਰਿਵਾਰ ਦੇ ਮੈਂਬਰ ਸੋਚਦੇ ਸਨ ਕਿ ਉਹ ਕਿਉਂ ਆਪਣਾ ਸਾਰਾ ਸਮਾਂ ਉਸ ਭਾਸ਼ਾ ਦੀ ਡਿਕਸ਼ਨਰੀ ਬਣਾਉਣ ▼ਤੇ ਲਾ ਰਹੀ ਹੈ ਜਿਹੜੀ ਭਾਸ਼ਾ ਬਹੁਤ ਥੋੜ੍ਹੇ ਲੋਕਾਂ ਦੀ ਹੈ। ਉਹ ਸੋਚਦੇ ਉਹਨਾਂ ਸ਼ਬਦਾਂ ਨੂੰ ਟਾਈਪ ਕਰਨ ਲਈ ਇੰਨੇ ਸਾਲ ਕਿਉਂ ਲਾਏ ਜਾਣ ਜਿਸ ਨੂੰ ਬੋਲਣ ਵਾਲੇ ਨਾ ਦੇ ਬਰਾਬਰ ਹਨ। ਮੈਰੀ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਪਰਵਾਹ ਕੀਤੇ ਬਿਨਾਂ ਆਪਣੀ ਧੁਨ ਵਿੱਚ ਆਪਣੇ ਕੰਮ ਵਿੱਚ ਲੱਗੀ ਰਹੀ। ਸੰਨ 2014 ਵਿੱਚ, ਜਦੋਂ ਉਹ ਆਪਣੀ ਡਿਕਸ਼ਨਰੀ ਨੂੰ ਸੋਧਣ ▼ਤੇ ਕੰਮ ਕਰ ਰਹੀ ਸੀ ਤਾਂ ਡਾਕੂਮੈਂਟਰੀ ਫਿਲਮਸਾਜ਼ ਇਮੈਨੂਅਲ ਵਾਅਨ-ਲੀ ਨੇ ਉਸ ਦੇ ਬਾਰੇ ਇਕ 10 ਕੁ ਮਿੰਟ ਦੀ ਡਾਕੂਮੈਂਟਰੀ ਬਣਾਈ। ਡਾਕੂਮੈਂਟਰੀ ਦਾ ਨਾਂ ਹੈ: ÷ਮੈਰੀਜ਼ ਡਿਕਸ਼ਨਰੀ ਭਾਵ ਮੈਰੀ ਦੀ ਡਿਕਸ਼ਨਰੀ÷। ਜਦੋਂ ਉਸ ਦੇ ਵੱਡੇ ਪਰਿਵਾਰ ਦੇ ਮੈਂਬਰਾਂ ਨੇ ਰਲ ਕੇ ਇਹ ਡਾਕੂਮੈਂਟਰੀ ਦੇਖੀ ਤਾਂ ਉਹਨਾਂ ਨੂੰ ਪਹਿਲੀ ਵਾਰ ਮੈਰੀ ਦੇ ਕੰਮ ਦੀ ਮਹੱਤਤਾ ਦੀ ਸਮਝ ਆਈ।

ਸਾਲਾਂ ਦੀ ਮਿਹਨਤ ਬਾਅਦ ਮੈਰੀ ਨੇ ਲਿਖਤੀ ਡਿਕਸ਼ਨਰੀ ਤਿਆਰ ਕਰ ਲਈ। ਫਿਰ ਉਸ ਨੂੰ ਅਹਿਸਾਸ ਹੋਇਆ ਕਿ ਕਾਗਜ਼ਾਂ ▼ਤੇ ਲਿਖੇ ਸ਼ਬਦਾਂ ਤੋਂ ਕੋਈ ਵਿਅਕਤੀ ਸ਼ਬਦਾਂ ਦਾ ਉਚਾਰਨ ਨਹੀਂ ਸਿੱਖ ਸਕਦਾ। ਇਸ ਲਈ ਉਹ ਲਿਖਤੀ ਰੂਪ ਵਿੱਚ ਇਕੱਤਰ ਕੀਤੇ ਸ਼ਬਦਾਂ ਦੇ ਉਚਾਰਨ ਰਿਕਾਰਡ ਕਰਨ ਲੱਗੀ। ਸ਼ਬਦਾ ਨੂੰ ਰਿਕਾਰਡ ਕਰਨ ਵਿੱਚ ਉਸ ਦਾ ਪੜ-ਦੋਹਤਾ (ਗਰੇਟ-ਗਰੈਂਡਸਨ) ਡੋਨੋਵੈਨ ਟ ?ੈਗਲੋਨ ਉਸ ਦੀ ਮਦਦ ਕਰਨ ਲੱਗਾ। ਇਕੱਤਰ ਕੀਤੇ ਸ਼ਬਦਾਂ ਦੇ ਉਚਾਰਨ ਰਿਕਾਰਡ ਕਰਨ ਦੇ ਨਾਲ ਨਾਲ ਮੈਰੀ ਨੇ ਆਪਣੇ ਕਬੀਲੇ ਦੀਆਂ ਕੁੱਝ ਕਹਾਣੀਆਂ ਵੀ ਰਿਕਾਰਡ ਕੀਤੀਆਂ ਜੋ ਉਸ ਦੇ ਕਬੀਲੇ ਦੀਆਂ ਰਵਾਇਤਾਂ ਅਤੇ ਸਭਿਆਚਾਰ ਬਾਰੇ ਦਸਦੀਆਂ ਸਨ। ਅੰਤ ਨੂੰ 2019 ਵਿੱਚ ਮੈਰੀ ਦੀ ਡਿਕਸ਼ਨਰੀ ਮੁਕੰਮਲ ਹੋਈ ਅਤੇ ਉਸ ਨੂੰ ਇਸ ਦਾ ਕਾਪੀਰਾਈਟ ਮਿਲਿਆ। ਮੈਰੀ ਦਾ ਕਹਿਣਾ ਸੀ ਕਿ ਉਸ ਨੇ ਇਹ ਡਿਕਸ਼ਨਰੀ ÷ਆਪਣੀ ਦਾਦੀ/ਨਾਨੀ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਤਿਆਰ ਕੀਤੀ ਹੈ÷।

ਮੈਰੀ ਵਲੋਂ ਤਿਆਰ ਕੀਤੀ ਡਿਕਸ਼ਨਰੀ ਨੇ ਉਸ ਦੇ ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੀ ਬੋਲੀ ਵ ?ਹਕਚੁਮਨੀ ਸਿੱਖਣ ਲਈ ਉਤਸ਼ਾਹਿਤ ਕੀਤਾ। ਉਹ ਆਪਣੀ ਧੀ ਦੀ ਮਦਦ ਨਾਲ ਆਪਣੇ ਭਾਈਚਾਰੇ ਵਿੱਚ ਵਹਕਚੁਮਨੀ ਸਿਖਾਉਣ ਦੀਆ ਕਲਾਸਾਂ ਲਾਉਣ ਲੱਗੀ। ਉਸ ਦੇ ਇਲਾਕੇ ਦੇ ਹੋਰ ਮੂਲਵਾਸੀ ਕਬੀਲੇ ਵੀ ਆਪਣੀਆਂ ਬੋਲੀਆਂ ਸਿੱਖਣ ਲਈ ਪ੍ਰੇਰਤ ਹੋਏ। ਇਸ ਪ੍ਰੇਰਨਾ ਨੂੰ ਨਿਕੋਲਸ ਲੂਨਾ ਇਸ ਤਰ੍ਹਾਂ ਬਿਆਨ ਕਰਦਾ ਹੈ, ÷ਉਸ ਨੇ ਮੇਰੇ ਅਤੇ ਹੋਰ ਲੋਕਾਂ ਦੇ ਹੇਠਾਂ ਆਪਣੀ ਬੋਲੀ ਸਿੱਖਣ ਅਤੇ ਸਿੱਖਦੇ ਰਹਿਣ ਲਈ ਅੱਗ ਬਾਲ ਦਿੱਤੀ। ਹੁਣ ਮੈਨੂੰ ਸੁਫਨੇ ਵੀ ਵਹਕਚੁਮਨੀ ਵਿੱਚ ਆਉਂਦੇ ਹਨ। 25 ਸਤੰਬਰ 2021 ਨੂੰ ਮੈਰੀ ਵਿਲਕੌਕਸ ਦੀ ਮੌਤ ਹੋ ਗਈ। ਉਸ ਸਮੇਂ ਉਹ 87 ਸਾਲਾਂ ਦੀ ਸੀ।

ਮੈਰੀ ਵਿਲਕੌਕਸ ਦੀ ਇਹ ਕਹਾਣੀ ਮੀਡੀਆ ਵਿੱਚ ਉਸ ਬਾਰੇ ਛਪੀਆਂ ਰਿਪੋਰਟਾਂ ਦੇ ਆਧਾਰ ▼ਤੇ ਲਿਖੀ ਗਈ ਹੈ।)

ਖੁਸ਼ੀਆਂ ਦੀ ਫੁਲਝੜੀ

ਮੂਲ : ਸ਼ਿਖਰ ਚੰਦ ਜੈਨ
ਅਨੁ : ਪ੍ਰੋ. ਨਵ ਸੰਗੀਤ ਸਿੰਘ

ਦੀਵਾਲੀ ਆਉਣ ਵਿੱਚ ਕੁਝ ਦਿਨ ਰਹਿੰਦੇ ਸਨ। ਪੂਰੇ ਮਹੱਲੇ ਵਿੱਚ ਜ਼ੋਰ-ਸ਼ੋਰ ਨਾਲ ਤਿਆਰੀਆਂ ਚੱਲ ਰਹੀਆਂ ਸਨ। ਕਿਤੇ ਘਰਾਂ ਵਿੱਚ ਸਫ਼ਾਈ ਹੋ ਰਹੀ ਸੀ, ਕਿਤੇ ਰੰਗੋਲੀ ਬਣ ਰਹੀ ਸੀ ਅਤੇ ਕਿਤੇ ਮਿਠਾਈ ਦੇ ਡੱਬੇ ਸਜ ਰਹੇ ਸਨ। ਦਸ ਸਾਲ ਦਾ ਵਿਕੀ ਵੀ ਬੜਾ ਉਤਸ਼ਾਹਿਤ ਸੀ। ਉਹਨੇ ਆਪਣੇ ਮੰਮੀ ਨੂੰ ਕਿਹਾ, ÷ਮੰਮੀ, ਐਤਕੀ ਮੈਂ ਸਭ ਤੋਂ ਵੱਧ ਪਟਾਕੇ ਚਲਾਵਾਂਗਾ।÷

ਮੰਮੀ ਮੁਸਕਰਾਏ, ÷ਪਟਾਕੇ ਤਾਂ ਥੋੜ੍ਹੇ ਚਿਰ ਵਿੱਚ ਮੁੱਕ ਜਾਣਗੇ। ਇਸ ਵਾਰ ਕੁਝ ਅਜਿਹਾ ਕਰ, ਜੀਹਦੀ ਖੁਸ਼ੀ ਕਈ ਦਿਨਾਂ ਤੱਕ ਯਾਦ ਰਹੇ।÷

ਵਿਕੀ ਨੂੰ ਮੰਮੀ ਦੀ ਗੱਲ ਖਾਸ ਸਮਝ ਨਹੀਂ ਆਈ।

ਅਗਲੇ ਦਿਨ ਉਹ ਆਪਣੇ ਦੋਸਤ ਕਬੀਰ ਨਾਲ ਬਜ਼ਾਰ ਗਿਆ। ਰਾਹ ਵਿੱਚ ਉਨ੍ਹਾਂ ਨੂੰ ਇੱਕ ਛੋਟੀ ਜਿਹੀ ਦੁਕਾਨ ਦਿੱਸੀ, ਜਿਸ ਉੱਤੇ ਬੋਰਡ ਲੱਗਿਆ ਸੀ – 'ਖੁਸ਼ੀਆਂ ਦਾ ਬੈਂਕ। ਏਥੇ ਪੈਸੇ ਨਹੀਂ, ਖੁਸ਼ੀਆਂ ਜਮਾਂ ਹੁੰਦੀਆਂ ਹਨ।'

ਵਿਕੀ ਰੁਕ ਗਿਆ। ÷ਇਹ ਕਿਹੋ ਜਿਹਾ ਬੈਂਕ ਹੈ ?÷ ਉਹਨੇ ਕਬੀਰ ਨੂੰ ਪੁੱਛਿਆ। ਦੋਵੇਂ ਅੰਦਰ ਚਲੇ ਗਏ। ਉੱਥੇ ਇੱਕ ਬਜ਼ੁਰਗ ਬੈਠੇ ਸਨ। ਵਿਕੀ ਨੇ ਪੁੱਛਿਆ, ÷ਅੰਕਲ, ਤੁਹਾਡੇ ਬੈਂਕ ਵਿੱਚ ਪੈਸੇ ਜਮਾਂ ਨਹੀਂ ਹੁੰਦੇ ?÷

ਅੰਕਲ ਹੱਸ ਪਏ, ÷ਨਹੀਂ ਬੇਟਾ। ਇੱਥੇ ਲੋਕ ਕਿਸੇ ਦੀ ਮਦਦ, ਕਿਸੇ ਦੇ ਚਿਹਰੇ ਦੀ ਮੁਸਕਰਾਹਟ ਅਤੇ ਕਿਸੇ ਲਈ ਚੰਗੇ ਕੰਮ ਜਮਾਂ ਕਰਦੇ ਹਨ।÷

ਪਰ ਉਸਦਾ ਕੀ ਲਾਭ ਹੁੰਦਾ ਹੈ ?÷ ਕਬੀਰ ਨੇ ਪੁੱਛਿਆ।

ਅੰਕਲ ਨੇ ਇੱਕ ਵੱਡੀ ਸਾਰੀ ਕਾਪੀ ਖੋਲ੍ਹੀ ਅਤੇ ਕਿਹਾ, ÷ਜਦੋਂ ਕੋਈ ਚੰਗਾ ਕੰਮ ਕਰਦਾ ਹੈ, ਅਸੀਂ ਉਹਨੂੰ ਕਾਪੀ ਵਿੱਚ ਲਿਖ ਲੈਂਦੇ ਹਾਂ। ਸਾਲ ਦੇ ਅੰਤ ਵਿੱਚ ਵੇਖਦੇ ਹਾਂ ਕਿ ਕਿਸਨੇ ਕਿੰਨੀਆਂ ਖੁਸ਼ੀਆਂ ਵੰਡੀਆਂ।÷

ਵਿਕੀ ਨੂੰ ਇਹ ਖੇਡ ਬਹੁਤ ਪਸੰਦ ਆਈ। ਉਹਨੇ ਉਸੇ ਸਮੇਂ ਫ਼ੈਸਲਾ ਕਰ ਲਿਆ ਕਿ ਉਹ ਵੀ ਖੁਸ਼ੀਆਂ ਜਮਾਂ ਕਰੇਗਾ।

ਸਭ ਤੋਂ ਪਹਿਲਾਂ ਉਹਨੇ ਘਰ ਮੁੜਦੇ ਸਮੇਂ ਰਾਹ ਵਿੱਚ ਬੈਠੇ ਫੁੱਲ ਵੇਚਣ ਵਾਲ਼ੇ ਛੋਟੇ ਬੱਚੇ ਤੋਂ ਫੁੱਲ ਖਰੀਦਣ ਦੀ ਥਾਂ ਉਹਨੂੰ ਕਿਹਾ, ÷ਤੂੰ ਮੇਰੇ ਨਾਲ਼ ਚੱਲ। ਮੇਰੀ ਮਾਂ ਤੈਨੂੰ ਖਾਣਾ ਖੁਆਵੇਗੀ।÷

ਫਿਰ ਉਹਨੇ ਆਪਣੀ ਛੋਟੀ ਭੈਣ ਨੂੰ ਰੰਗੋਲੀ ਬਣਾਉਣ ਵਿੱਚ ਮਦਦ ਕੀਤੀ। ਸ਼ਾਮ ਨੂੰ ਉਹਨੇ ਦਾਦੀ ਦੇ ਕਮਰੇ ਦੀ ਸਫ਼ਾਈ ਕਰ ਦਿੱਤੀ।

ਹਰ ਵਾਰ ਉਹਨੂੰ ਅੰਕਲ ਦੀ ਗੱਲ ਯਾਦ ਆਉਂਦੀ – 'ਖੁਸ਼ੀਆਂ ਜਮਾ ਕਰੋ।'

ਦੀਵਾਲੀ ਦੀ ਸਵੇਰ ਵਿਕੀ ਨੇ ਵੇਖਿਆ ਕਿ ਸਾਹਮਣੇ ਵਾਲ਼ੇ ਘਰ ਵਿੱਚ ਰਹਿਣ ਵਾਲ਼ੀ ਬੁੱਢੀ ਸ਼ਾਂਤਾ ਇਕੱਲੀ ਬੈਠੀ ਸੀ। ਉਹਦਾ ਬੇਟਾ ਦੂਜੇ ਸ਼ਹਿਰ ਵਿੱਚ ਨੌਕਰੀ ਕਰਦਾ ਸੀ ਅਤੇ ਇਸ ਵਾਰ ਉਹ ਦੀਵਾਲੀ ਤੇ ਨਹੀਂ ਆ ਸਕਦਾ ਸੀ।

ਵਿਕੀ ਉਨ੍ਹਾਂ ਕੋਲ਼ ਗਿਆ, ÷ਦਾਦੀ ਜੀ, ਐਤਕੀ ਤੁਸੀਂ ਸਾਡੇ ਨਾਲ਼ ਦੀਵਾਲੀ ਮਨਾਓ।÷ ਦਾਦੀ ਦੀਆਂ ਅੱਖਾਂ ਚਮਕ ਪਈਆਂ।

ਸ਼ਾਮ ਨੂੰ ਵਿਕੀ, ਉਹਦਾ ਪਰਿਵਾਰ ਅਤੇ ਸ਼ਾਂਤਾ ਦਾਦੀ ਇਕੱਠੇ ਬੈਠੇ। ਵਿਕੀ ਨੇ ਦਾਦੀ ਦੇ ਹੱਥੋਂ ਦੀਵਾ ਜਗਾਇਆ। ਤਾਂ ਉਹ ਬੋਲੇ, ÷ਬੇਟਾ, ਅੱਜ ਮੈਨੂੰ ਇਉਂ ਲੱਗ ਰਿਹਾ ਹੈ, ਜਿਵੇਂ ਮੇਰਾ ਆਪਣਾ ਪਰਿਵਾਰ ਮੇਰੇ ਕੋਲ਼ ਹੈ।÷

ਰਾਤ ਨੂੰ ਵਿਕੀ ਨੇ ਮੰਮੀ ਨੂੰ ਕਿਹਾ, ÷ਮੰਮੀ, ਤੁਸੀਂ ਜੋ ਕਿਹਾ ਸੀ, ਉਹਦਾ ਮਤਲਬ ਹੁਣ ਮੈਨੂੰ ਸਮਝ ਆਇਆ ਕਿ ਕੁਝ ਅਜਿਹਾ ਕਰੋ, ਜੀਹਦੀ ਖੁਸ਼ੀ ਕਈ ਦਿਨਾਂ ਤੱਕ ਯਾਦ ਰਹੇ।÷

ਮਾਂ ਨੇ ਪੁੱਛਿਆ, ÷ਕੀ ਸਮਝਿਆ ?÷

ਵਿਕੀ ਬੋਲਿਆ, ÷ਪਟਾਕੇ ਚਲਾਉਣ ਨਾਲ਼ ਆਸੇ-ਪਾਸੇ ਕੁਝ ਚਿਰ ਤੱਕ ਤਾਂ ਧਮਾਕਾ ਹੁੰਦਾ ਹੈ, ਪਰ ਕਿਸੇ ਦੇ ਜੀਵਨ ਵਿੱਚ ਖੁਸ਼ੀਆਂ ਦਾ ਦੀਵਾ ਜਗਾਓ ਤਾਂ ਉਹਦੀ ਰੌਸ਼ਨੀ ਬਹੁਤ ਦੂਰ ਤੱਕ ਜਾਂਦੀ ਹੈ।÷

ਅਗਲੇ ਦਿਨ ਵਿਕੀ ਅਤੇ ਕਬੀਰ ਫੇਰ ਉਸੇ ਦੁਕਾਨ ਤੇ ਗਏ।ਅੰਕਲ ਨੇ ਪੁੱਛਿਆ, ÷ਦੱਸੋ, ਕਿੰਨੀਆਂ ਖੁਸ਼ੀਆਂ ਜਮਾਂ ਕੀਤੀਆਂ ?÷

ਵਿਕੀ ਨੇ ਕਿਹਾ, ÷ਮੈਂ ਗਿਣੀਆਂ ਨਹੀਂ।÷

÷ਕਿਉਂ ?÷

ਵਿਕੀ ਮੁਸਕਰਾਇਆ, ÷ਕਿਉਂਕਿ ਹੁਣ ਮੈਂ ਖੁਸ਼ੀਆਂ ਗਿਣਨਾ ਨਹੀਂ, ਵੰਡਣਾ ਚਾਹੁੰਦਾ ਹਾਂ।÷

ਅੰਕਲ ਨੇ ਉਹਨੂੰ ਸ਼ਾਬਾਸ਼ ਦਿੱਤੀ। ਉਨ੍ਹਾਂ ਨੇ ਕਾਪੀ ਵਿੱਚ ਵਿਕੀ ਦੇ ਨਾਂ ਅੱਗੇ ਲਿਖਿਆ, ÷ਇਸ ਬੱਚੇ ਨੇ ਦੀਵਾਲੀ ਤੇ ਸਭ ਤੋਂ ਕੀਮਤੀ ਚੀਜ਼ ਜਮਾਂ ਕੀਤੀ – ਦੂਜਿਆਂ ਦੇ ਚਿਹਰੇ ਦੀ ਮੁਸਕਰਾਹਟ।÷

ਉਸ ਦਿਨ ਵਿਕੀ ਨੂੰ ਸਮਝ ਆਇਆ ਕਿ ਅਸਲੀ ਦੀਵਾਲੀ ਘਰ ਤੋਂ ਬਾਹਰ ਨਹੀਂ, ਦਿਲ ਦੇ ਅੰਦਰ ਰੌਸ਼ਨੀ ਕਰਨ ਨਾਲ਼ ਮਨਾਈ ਜਾਂਦੀ ਹੈ।

ਅਤੇ ਉਸ ਸਾਲ ਉਨ੍ਹਾਂ ਦੇ ਮਹੱਲੇ ਵਿੱਚ ਪਹਿਲੀ ਵਾਰ ਇੱਕ ਨਵੀਂ ਪਰੰਪਰਾ ਸ਼ੁਰੂ ਹੋਈ – ਹਰ ਬੰਦਾ ਦੀਵਾਲੀ ਤੇ ਘੱਟੋ-ਘੱਟ ਇੱਕ ਅਜਿਹੀ ਖੁਸ਼ੀ ਵੰਡੇਗਾ, ਜੋ ਕਿਸੇ ਵੀ ਦੁਕਾਨ ਤੇ ਨਹੀਂ ਮਿਲਦੀ।

ਕਬੀਰ ਨੇ ਵਿਕੀ ਨੂੰ ਕਿਹਾ, ÷ਅਸੀਂ ਇਸ ਸਾਲ ਪਟਾਕੇ ਤਾਂ ਚਲਾਏ, ਪਰ ਵੱਖਰੇ ਢੰਗ ਨਾਲ਼। ਵਿਕੀ ਮੁਸਕਰਾ ਕੇ ਬੋਲਿਆ, ÷ਹਾਂ, ਖੁਸ਼ੀਆਂ ਦੀ ਫੁਲਝੜੀ, ਸਵੈ-ਸੰਤੁਸ਼ਟੀ ਦੀ ਚਕਰੀ, ਮੁਸਕਾਨ ਦੀਆਂ ਲੜੀਆਂ, ਮਦਦ ਦੇ ਰਾਕਟ ਅਤੇ ਆਨੰਦ ਦੇ ਅਨਾਰ।÷ ਅਤੇ ਦੋਵੇਂ ਠਹਾਕਾ ਮਾਰ ਕੇ ਹੱਸ ਪਏ।

****

ਮੂਲ : ਸ਼ਿਖਰ ਚੰਦ ਜੈਨ, ਕੋਲਕਾਤਾ (ਪੱਛਮੀ ਬੰਗਾਲ)
ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002.
(9417692015)

ਦੋਹਰੇ ਮਾਪ-ਦੰਢ

ਗੁਰੂ ਘਰ ਚ' ਸ੍ਰੀ ਆਖੰਡ ਪਾਠ ਲੜੀਵਾਰ ਚੱਲ ਰਹੇ ਨ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

PUCA

PREETNAMA UNITY & CULTURAL ASSOCIATION
NewYork.

PUNJAB
RELIAB
BIHAR
ARUNACHAL PRADESH
UTTARAKHAND
ARMAR
NAORAHLH ARUNACHAL PRADESH

PUCA: One Heart, Many Colours – Celebrating the True Spirit of India.

Kerala Gujarat Maharashtra

Email: pucausa26@gmail.con

Phone: 201-312-4180

ਪ੍ਰੀਤ ਫੁਲਵਾੜੀ

ਗਜਲ ,ਦੂਰੀਆਂ,

ਵੇ ਕੁਝ ਮਜਬੂਰੀਆਂ ਵੀਂ ਨੇ।
ਕੀ ਦੱਸਾਂ, ਦੂਰੀਆਂ ਵੀਂ ਨੇ।
ਕੀ ਕਰਨੇ ਨੇ ਇੰਝ ਦੇ ਹਾਸੇ,
ਮੱਥੇ 'ਤੇ ਘੂਰੀਆਂ ਵੀਂ ਨੇ।
ਤੂੰ ਪੱਟ ਦਾ ਮਾਸ ਕਹਿਣੈ ਏ,
ਛੰਨੇ ਵਿਚ ਚੂਰੀਆਂ ਵੀਂ ਨੇ।
ਕੁਦਰਤ ਦਾ ਤੂੰ ਦੇਖ ਕਰਿਸ਼ਮਾ,
ਇਹ ਅੱਖਾਂ ਭੂਰੀਆਂ ਵੀਂ ਨੇ।
ਲੋਕੀਂ ਚੁਗਲੀਆਂ ਕਰਦੇ ਨੇ,
ਦੱਸਾਂ, ਮਸ਼ਹੂਰੀਆਂ ਵੀਂ ਨੇ।
ਕੇਵਲ ਜੁਗਨੂੰਆਂ ਦੀ ਗੱਲ ਨਈਂ,
ਇਹ ਰਾਤਾਂ ਨੂਰੀਆਂ ਵੀਂ ਨੇ।
ਫੁੱਲਾਂ ਦੇ ਨਾਲ ਕੰਡੇ ਦਿਸਦੇ,
ਰੁੱਤਾਂ ਮਗਰੂਰੀਆਂ ਵੀਂ ਨੇ।
ਕੱਚੀਆਂ ਅੰਬੀਆਂ ਦੇ ਕੀ ਕਹਿਣੇ,
ਪਰ ਬਾਹਰੋਂ ਸਿੰਧੂਰੀਆਂ ਵੀਂ ਨੇ।
ਰੀਝਾਂ ਦਿਲ ਦੇ ਵਿਚ ਤਰਦੀਆਂ,
ਮਗਰ ਅਧੂਰੀਆਂ ਵੀਂ ਨੇ।
ਬੇਸ਼ੱਕ ਬਲ ਕੇ ਢੇਰੀ ਹੋਈਆਂ,
ਮੋਮਬੱਤੀਆਂ ਪੂਰੀਆਂ ਵੀਂ ਨੇ।
ਕਿਸਮ ਕਿਸਮ ਦੀ ਰੋਟੀ ਖਾਧੀ,
ਖਾਧੀਆਂ ਤੰਦੂਰੀਆਂ ਵੀਂ ਨੇ।
ਪਤਝੜ ਦਾ ਕਿੰਨਾ ਫਾਇਦਾ ਹੈ,
ਰੁੱਤਾਂ ਅੰਗੂਰੀਆਂ ਵੀਂ ਨੇ।
ਬਾਲਮ, ਤੇਰੀਆਂ ਗ਼ਜ਼ਲਾਂ ਨੇ,
ਮਸ਼ਹੂਰ ਗ਼ਰੂਰੀਆਂ ਵੀਂ ਨੇ।

— ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. 98156-25409

ਕਾਵਿ ਵਿਅੰਗ
ਹਾਲਾਤ ਪੰਜਾਬ ਦੇ

ਧਰਨੇ, ਮੁਜਾਹਰਿਆਂ ਨੇ ਸੜਕਾਂ ਰੋਕ ਲਈਆਂ ?,
ਬੁਰਾ ਹੋਇਆ ਲੋਕਾਂ ਦਾ ਹਾਲ ਪੱਤੋ।
ਟਰੈਫਿਕ ਜਿਆਦਾ ?, ਲੰਘਣ ਨਾ ਦੇਵੇ ਕੋਈ,
ਬੰਦਾ ਸਦਾ ਰਹੇ ਵਿੱਚ ਕਾਹਲ ਪੱਤੋ।
ਜਰੂਰੀ ਕੰਮ ਕਰਨ ਵਾਲੇ ਕਈ ਨੇ ਰਹਿ ਜਾਂਦੇ ?,
ਬਿਮਾਰ ਪਹੁੰਚਦੇ ਨਹੀਂ ਹਸਪਤਾਲ ਪੱਤੋ।
ਦੁਕਾਨਦਾਰਾਂ ਦਾ ਜੇ ਕੋਈ ਦੁੱਖ ਪੁੱਛੇ ?,
ਭਰੇ ਹੋਣਗੇ ਗੁੱਸੇ ਦੇ ਨਾਲ ਪੱਤੋ।
ਇੱਕ ਦਿਨ ਦਾ ਕੰਮ ਨੀਂ ਇੱਥੇ ਧਰਨਿਆਂ ਦਾ ?,
ਚੱਲਦਾ ਰਹਿੰਦਾ ਸਾਰਾ ਸਾਲ ਪੱਤੋ।
ਸਰਕਾਰਾਂ ਦੀ ਨਾਕਾਮੀ ਜਾਂ ਲੋਕ ਵਿਹਲੇ ?,
ਜਾਂ ਕੋਈ ਏਜੰਸੀਆਂ ਦੀ ਚਾਲ ਪੱਤੋ।
ਪਹਿਲਾਂ ਹੀ ਆਰਥਿਕਤਾ ਦਾ ਸ਼ਿਕਾਰ ਲੋਕੀ ?,
ਬਣੇ ਕਈਆਂ ਦਾ ਇਹ ਕਾਲ ਪੱਤੋ।
ਲੋਕਾਂ ਨਾਲ ਸਰਕਾਰਾਂ ਝੂਠੇ ਕਰਨ ਦਾਅਵੇ ?,
ਫਿਰ ਲਾ ਲਾਰੇ ਦਿੰਦੀਆਂ ਟਾਲ ਪੱਤੋ।
ਕੀ ਯਕੀਨ ਕਰੀਏ ਬਹੁਤੇ ਧੋਖੇਬਾਜ ਲੀਡਰ ?,
ਬੇਈਮਾਨੀ ਦੀ ਚੱਲਦੇ ਚਾਲ ਪੱਤੋ।
ਲੱਗਦਾ ਮੁੱਕ ਗਏ ਇੱਥੇ ਇਮਾਨਦਾਰ ਲੀਡਰ ?,
ਕਿਸ ਗ੍ਰਹਿ ਤੋਂ ਲਈਏ ਹੁਣ ਭਾਲ ਪੱਤੋ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417

ਕਵਿਤਾ

ਗੁਰੂ ਨਾਨਕ ਜੀ, ਤੂੰ ਕੌਡੇ ਰਾਖਸ਼ ਨੂੰ ਸੱਚ ਦਾ ਮਾਰਗ ਦਰਸਾਇਆ ਸੀ।
ਸੱਜਣ ਠੱਗ ਨੂੰ ਵੀ ਕਿਰਤ ਕਰਨਾ ਤੇ ਵੰਡ ਛਕਣਾ ਸਿਖਾਇਆ ਸੀ।
ਪਰ ਤੇਰੇ ਜਾਣ ਪਿੱਛੋਂ ਗੁਰੂ ਜੀ, ਬੜਾ ਕੁੱਝ ਬਦਲ ਗਿਆ ਹੈ ਇੱਥੇ।
ਹੱਕ ਦੀ ਖਾਣ ਵਾਲਿਆਂ ਨੂੰ ਮਾਲਕ ਭਾਗੋ ਝੁਕਾ ਰਿਹਾ ਆਪਣੇ ਅੱਗੇ।
ਮੁੜ ਫਿਰ ਰਾਜਿਆਂ ਦੀਆਂ ਜਨਮ ਦਾਤੀਆਂ ਦਾ ਅਪਮਾਨ ਹੋ ਰਿਹਾ।
ਉਨ੍ਹਾਂ ਦਾ ਅਪਮਾਨ ਰੋਕਣ ਲਈ ਇੱਥੇ ਕੋਈ ਨਹੀਂ ਦਿਸ ਰਿਹਾ।
ਇਕ, ਦੂਜੇ ਨੂੰ ਦੱਸਣ ਲਈ ਨਾਮ ਤਾਂ ਬਥੇਰਾ ਜਪਿਆ ਜਾ ਰਿਹਾ।
ਪਰ ਨਿਮਰਤਾ, ਚੰਗਿਆਈ ਤੇ ਸਦਾਚਾਰ ਨੂੰ ਭੁਲਾਇਆ ਜਾ ਰਿਹਾ।
ਵੱਖ, ਵੱਖ ਧਰਮਾਂ ਵਾਲੇ ਇਕ, ਦੂਜੇ ਦੀ ਜਾਨ ਦੇ ਵੈਰੀ ਬਣ ਗਏ ਨੇ।
ਉਹ ਇਕ, ਦੂਜੇ ਦੇ ਧਰਮ ਗ੍ਰੰਥਾਂ ਨੂੰ ਟਿੱਚ ਸਮਝਣ ਲੱਗ ਪਏ ਨੇ।
ਜ਼ਾਲਮਾਂ, ਪਾਪੀਆਂ ਤੇ ਝੂਠਿਆਂ ਨੂੰ ਸਿਰ ਤੇ ਚੁੱਕਿਆ ਜਾ ਰਿਹਾ।
ਰਹਿਮ-ਦਿਲਾਂ, ਈਮਾਨਦਾਰਾਂ ਤੇ ਸੱਚਿਆਂ ਨੂੰ ਖੂੰਜੇ ਲਾਇਆ ਜਾ ਰਿਹਾ।
ਕਿਰਤ ਕਰੋ ਤੇ ਵੰਡ ਛਕੋ ਦੇ ਸਿਧਾਂਤ ਹੋ ਗਏ ਬਹੁਤ ਪੁਰਾਣੇ।
ਗਰੀਬਾਂ ਨੂੰ ਲੁੱਟ ਕੇ ਧਨ,ਦੌਲਤ ਕੱਠੀ ਕਰਨੀ ਜ਼ੋਰਾਵਰ ਜਾਣੇ।
ਤੇਰੇ ਦਰਸਾਏ ਰਸਤੇ ਤੇ ਜੇਕਰ ਚੱਲਿਆ ਨਾ ਹੁਣ ਵੀ ਮਨੁੱਖ,
ਬਣੇਗੀ ਨਰਕ ਜ਼ਿੰਦਗੀ, ਨਾ ਕੋਈ ਉਸ ਨੂੰ ਮਿਲਣਾ ਸੁੱਖ।

ਮਹਿੰਦਰ ਸਿੰਘ ਮਾਨ ਕੈਨਾਲ ਰੋਡ
ਫੋਨ 9915803554

ਗੀਤ

ਅੱਜ ਵੀ ਪਹੁੰਚਾਂ,
ਜੇਕਰ ਮੈਂ ਉਸ ਮੋੜ੍ਹ ਤੇ।
ਹੁਣ ਦੇਖਣ ਕਦੇ ਨਾ,
ਆਉਂਦੀ ਏ ਓ ਦੌੜ੍ਹ ਕੇ।
1.ਆਸ ਜਿਹੀ ਇੱਕ,
ਦਿਲ ਵਿੱਚ ਰੱਖ ਕੇ,
ਨਿੱਤ ਗਲੀ ਉਸ ਜਾਵਾਂ।
ਦਿਨ ਕਿਸੇ ਕਦੇ ਤਾਂ,
ਓ ਤਾਂ ਟਕਰੇਗੀ,
ਖੜ੍ਹ ਰਾਹਾਂ ਵਿਚ ਗਾਵਾਂ।
ਸ਼ਾਇਦ ਕਦੇ ਤਾਂ ਕਰਨਾ,
ਕਰਨਾ ਉਸ ਗ਼ੌਰ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .....
2.ਖੜ੍ਹਾਂ ਕਦੇ ਬੈਂਕ ਬਾਹਰ,
ਕਦੇ ਦਫ਼ਤਰ ਪਨਸਪ ਕੋਲ।
ਕਿਸੇ ਦਿਨ ਤਾਂ ਲੰਘਣਗੇ,
ਸ਼ਾਇਦ ਕਦੇ ਪੈਣਗੇ ਕੰਨੀਂ ਬੋਲ।
ਪਤਾ ਨਹੀਂ ਕਿੱਥੇ ਛੂ ਮੰਤਰ ਹੋ ਕੇ,
ਕੀਤੀ ਨਾਲ ਮੇਰੇ ਚੌੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .....
3. ਅੱਜ ਵੀ ਜਾਂਦਾ ਮੈਂ ਤਾਂ,
ਨਾਲ ਸ਼ੌਂਕੀਨੀ ਸੱਜ ਧੱਜ ਕੇ।
ਸ਼ਾਇਦ ਬਾਗ਼ ਬਨਾਸਰ ਮਿਲ ਜਾਵੇ,
ਚਾਹਾਂ ਦੇਖਣਾਂ ਜਿਸਨੂੰ ਰੱਜ ਰੱਜ ਕੇ।
ਜ਼ਿੰਦਗੀ ਮੇਰੀ ਵਿੱਚ ਜਿਸਦੀ,
ਅੱਜ ਵੀ ਥੌੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.....
4.ਅੱਜ ਵੀ ਜਾਂਦਾ ਦਰ ਉਸਦੇ,
ਨਾਗਾ ਨਾ ਕੋਈ ਪਾਇਆ।
ਭੁੱਲਗੀ ਹੋਣੀ ਸ਼ਾਇਦ ਮੈਨੂੰ,
ਨਾ ਨੈਣ ਜੋਤੀ ਨੂੰ ਮੈਂ ਭੁੱਲਾਇਆ।
ਆਉਣਾ ਉਸ ਉਸ ਵੇਲੇ ਸੰਗਰੂਰਵੀ,
ਜਦੋਂ ਪੈਣੀ ਮੇਰੀ ਲੋੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.....

ਕਵਿਤਾ

ਪਾਣੀ ਨਹਿਰਾਂ ਚ-2

ਪਾਣੀ ਨਹਿਰਾਂ ਚ ਘੱਟਿਆ ਏ,
ਇੱਕ ਤੇਰਾ ਹੀ ਨਾਮ ਨੈਣ ਜੋਤੀਏ,
ਜ਼ਿੰਦਗੀ ਸਾਰੀ ਰੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕਦੇ ਫ਼ਿਕਰਾਂ,ਕਦੇ ਯਾਦਾਂ ਤੇਰੀਆਂ,
ਰੱਜ ਰੱਜ ਦਿਮਾਗ਼ ਚੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕੀ ਗੱਲ ਹੋਈ ਨੈਣ ਜੋਤੀਏ,
ਕਿਹੜੀ ਗੱਲੋਂ ਪੱਤਾ ਕੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਤੇਰੇ ਪਿੱਛੇ ਕਈ ਮੂਰਖਾਂ ਨੇ,
ਘਰ ਆਪਣਾ ਹੀ ਪੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਪੈ ਤੇਰੇ ਚੱਕਰਾਂ ਚ ਕਈਆਂ ,
ਕਦੇ ਕੁਝ ਨਾ ਖੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਬੇਸ਼ੱਕ ਛੱਡ ਦਿੱਤਾ ਸੰਗਰੂਰਵੀ ਨੂੰ,
ਓ ਤਾਂ ਹਾਲੇ ਵੀ ਡੱਟਿਆ ਏ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

ਵੋਟਾਂ ਪੈਣ ਦਾ ਕੰਮ

ਜਦ ਦਾ ਐਲਾਨ ਹੋਇਆ ਹੈ ਵੋਟਾਂ ਪੈਣ ਦਾ
ਨੇਤਾ ਮਾਰਨ ਲੱਗ ਪਏ ਵੱਡੇ, ਵੱਡੇ ਗੱਪ ਬੇਲੀ।
ਜਿਨ੍ਹਾਂ ਤੋਂ ਇਨ੍ਹਾਂ ਨੂੰ ਪਹਿਲਾਂ ਮੁਸ਼ਕ ਆਉਂਦਾ ਸੀ
ਉਨ੍ਹਾਂ ਨਾਲ ਬਹਿ ਕੇ ਪੀਣ ਲੱਗੇ ਚਾਹ ਦਾ ਕੱਪ
ਬੇਲੀ।
ਦੂਜੀ ਪਾਰਟੀ ਦੇ ਨੇਤਾਵਾਂ ਨੂੰ ਨੀਵਾਂ ਵਿਖਾਉਣ
ਖਾਤਰ
ਉਨ੍ਹਾਂ ਵਿਰੁੱਧ ਕੱਢ ਲਿਆਉਣ ਕੋਈ ਨਵਾਂ ਸੱਪ
ਬੇਲੀ।
ਐਸਾ ਭਾਸ਼ਣ ਦੇਣ ਉਹ ਲੋਕਾਂ ਦੇ ਵਿੱਚ ਖੜ੍ਹ ਕੇ
ਲੋਕ ਜਿਸ ਨੂੰ ਸੁਣ ਕੇ ਪਾਉਣ ਲੱਗ ਪੈਣ ਖੱਪ ਬੇਲੀ।
ਇਕ, ਦੂਜੇ ਵਿਰੁੱਧ ਐਸਾ ਦੁਸ਼ਟ ਪ੍ਰਚਾਰ ਕਰਨ
ਸ਼ਰਮ ਹਯਾ ਦੀਆਂ ਸਭ ਹੱਦਾਂ ਜਾਣ ਟੱਪ ਬੇਲੀ।
ਜਿੰਨਾ ਚਿਰ ਵੋਟਾਂ ਪੈ ਕੇ ਹਟਦੀਆਂ ਨਹੀਂ
ਉੰਨਾ ਚਿਰ ਤਰੱਕੀ ਦੇ ਸਭ ਕੰਮ ਹੋ ਜਾਣ ਠੱਪ
ਬੇਲੀ।
ਵੋਟਾਂ ਪੈਣ ਦਾ ਕੰਮ ਜਿਵੇਂ ਹੀ ਖਤਮ ਹੋਇਆ
ਇਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਲੈਣਾ ਨੱਪ ਬੇਲੀ।

ਮਹਿੰਦਰ ਸਿੰਘ ਮਾਨ
ਫੋਨ -9915803554

(ਧਰਤੀ ਨਨਕਾਣੇ ਦੀ)

ਨਾਨਕ ਜੋਤਿ ਨਿਰੰਕਾਰ ਦੀ,
ਵਿੱਚ ਦੁਨੀਆਂ ਆਈ।
ਧਰਤੀ ਨਨਕਾਣੇ ਸਾਹਿਬ ਦੀ
ਹੋਈ ਜਿੱਥੇ ਰੁਸ਼ਨਾਈ।
ਉਸ ਮਾਂ ਤ੍ਰਿਪਤਾ ਦੀ ਕੁੱਖ ਨੂੰ,
ਸੀ ਭਾਗ ਅੱਜ ਲਾਏ।
ਸਭ ਦੇਣ ਵਧਾਈਆਂ ਚੱਲ ਕੇ,
ਘਰ ਮਹਿਤੇ ਦੇ ਆਏ।
ਭੈਣ ਨਾਨਕੀ ਦਾ ਵੀਰ ਸੀ,
ਉਹ ਖੁਸ਼ੀ ਮਨਾਵੇ।
ਵੀਰ ਵੀਰ ਜਦ ਸੀ ਆਖਦੀ,
ਵੀਰਾਂ ਝੱਟ ਆ ਜਾਵੇ।
ਦੁਖੀਆਂ ਦਾ ਦਰਦੀ ਆ ਗਿਆ,
ਅੱਜ ਬਣ ਸਹਾਰਾ।
ਜਿਸ ਬਾਂਹ ਫੜੀ ਮਜ਼ਲੂਮਾਂ ਦੀ,
ਕੀਤਾ ਪਾਰ ਉਤਾਰਾ।
ਉਮਰ ਛੋਟੀ, ਕੌਤਕ ਵੱਡੇ ਸੀ,
ਉਹਨਾਂ ਕਰ ਦਿਖਾਏ।
ਸਿਧ ਨਾਥ ਜੋਗੀ ਜਪੀ ਤਪੀ,
ਬਾਬੇ ਸਭ ਪੈਰੀਂ ਪਾਏ।
ਸਭ ਕਹਿਣ ਇਹ ਬਾਲ ਨਹੀਂ,
ਖ਼ੁਦਾ ਰੂਪ ਹੈ ਆਇਆ।
ਵੱਡੇ ਵੱਡੇ ਹੰਕਾਰੀਆਂ ਦਾ ਸੀ,
ਮਾਣ ਮਿਟਾਇਆ।
ਉਨੇ ਤਾਰੇ ਵਿੱਚ ਅਕਾਸ਼ ਨਹੀਂ,
ਜਿੰਨੇ ਬਾਬੇ ਨੇ ਤਾਰੇ।
ਤੇਰੀ ਨਾਨਕ ਵੱਡੀ ਕਮਾਈ ਹੈ,
ਰਲ ਆਖਣ ਸਾਰੇ।
ਕੀ ਸਿਫ਼ਤ ਲਿਖਾਂ ਤੇਰੀ ਦਾਤਿਆ,
ਮੈਥੋਂ ਲਿਖ ਨਾ ਹੋਵੇ।
ਜਿੰਨੀ ਸਮਝ ,ਪੱਤੋ, ਨੂੰ ਬਖਸ਼ਤੀ,
ਉਹ ਅੱਖਰਾਂ ਵਿੱਚ ਪਰੋਵੇ।

ਹਰਪ੍ਰੀਤ ਪੱਤੋ ਪਿੰਡ ਪੱਤੋ
ਹੀਰਾ ਸਿੰਘ ਮੋਗਾ ਫੋਨ ਨੰਬਰ
9465821417

ਮਾਵਾਂ

ਜੰਨਤ ਦੇ ਵੱਲ ਜਾਂਦੀਆਂ ਇਹਨਾਂ ਰਾਹਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਦੁੱਖਾਂ ਦਰਦਾਂ ਵਾਲੀਆਂ ਭਾਰੀਆਂ ਪੰਡਾਂ ਇਹ
ਦਿਲ ਨੂੰ ਦੇ ਕੇ ਰੱਖਣ ਪੱਕੀਆਂ ਗੰਡਾਂ ਇਹ
ਤਰਸਣ ਧੀਆਂ ਪੁੱਤਰ ਭੈਣ ਭਰਾਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਬੇਸ਼ੱਕ ਬਿਰਧ ਆਸ਼ਰਮ ਦੇ ਵਿਚ ਛੱਡ ਦਿੱਤਾ
ਆਪਣੇ ਵੱਲੋਂ ਮਾਂ ਦਾ ਫਾਹਾ ਵੱਢ ਦਿੱਤਾ
ਝੂਰੋਗੇ ਇਹਨਾਂ ਹੱਥੀਂ ਕਰੇ ਗੁਨਾਹਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ
ਪੁੱਤ ਜਵਾਨ ਜੇ ਤੋਰਨੇ ਪੈਂਦੇ ਮਾਵਾਂ ਨੂੰ
ਹੱਥੀਂ ਲਾਂਬੂ ਲਾਉਂਦੀਆਂ ਆਪਣੇ ਚਾਵਾਂ ਨੂੰ
ਬੇਦੋਸ਼ੇ ਹੀ ਮਿਲੀਆਂ ਸਖ਼ਤ ਸਜ਼ਾਵਾਂ ਨੂੰ
ਲੋਕੋ ਭੁੱਲ ਨਾ ਜਾਇਓ ਆਪਣੀਆਂ ਮਾਵਾਂ ਨੂੰ

- ਡਾ. ਆਤਮਾ ਸਿੰਘ ਗਿੱਲ
9878883680

ਖ਼ਿਆਲਾਂ ਦੀ ਪਰਵਾਜ਼

ਕੋਈ ਅਜੇ ਤੱਕ ਜਾਣ ਨਾ ਸਕਿਆ,
ਦਿਲ ਮੇਰੇ ਦਾ ਰਾਜ਼।
ਏਨੀ ਉੱਚੀ-ਸੁੱਚੀ ਮੇਰੇ,
ਖ਼ਿਆਲਾਂ ਦੀ ਪਰਵਾਜ਼।
ਸਭ ਨੂੰ ਹੁੰਦੈ ਘਰ ਆਪਣੇ ਦੇ,
ਜੀਆਂ ਉੱਤੇ ਨਾਜ਼।
ਕੋਈ ਪਾਲਦਾ ਤੋਤੇ, ਬਿੱਲੀਆਂ,
ਕਿਸੇ ਨੂੰ ਸੋਹਦਾ ਬਾਜ਼।
ਲੈਅ-ਤਾਨਾਂ ਚੋਂ ਗੂੰਜਣ ਨਗਮੇ,
ਸੁਰ ਹੋਵੇ ਜਦ ਸਾਜ਼।
ਬੋਲ ਅਗੰਮੀ, ਨਾਦ ਇਲਾਹੀ,
ਖ਼ਾਸਮ-ਖ਼ਾਸ ਅੰਦਾਜ਼।
ਦਿਲ ਚੋਂ ਨਿਕਲੀ ਸੁਣਦੈ ਹਰਦਮ,
ਪ੍ਰਭੂ ਸਾਡੀ ਆਵਾਜ਼।
ਭਵਸਾਗਰ ਤੋਂ ਪਾਰ ਕਰੇਂਦਾ,
ਨਾਨਕ ਨਾਮ ਜਹਾਜ਼।

ਪ੍ਰੋ. ਨਵ ਸੰਗੀਤ ਸਿੰਘ
 # ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151203 (ਬਠਿੰਡਾ) 9417692015.

ਮਾਂ

ਕੀ ਲਿਖਾਂ ਮੈਂ ਮਾਂ ਦੇ ਬਾਰੇ
ਬੱਚਿਆਂ ਦੇ ਦੁੱਖ ਸਹਿੰਦੀ ਸਾਰੇ
ਰੋਂਦਿਆਂ ਤਾਈਂ ਚੁੱਪ ਕਰਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦਾ ਰੁਤਬਾ ਰੱਬ ਬਰਾਬਰ
ਪਾਣੀ ਦੇ ਜਿਵੇਂ ਵਹਿੰਦੇ ਸਾਗਰ
ਖਲਕਤ ਸਾਰੀ ਵਿੱਚ ਕਲਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦੁੱਖਾਂ ਤੇ ਦਰਦਾਂ ਦੀ ਦਾਰੂ
ਸਭ ਦੇ ਉੱਪਰ ਰਹਿੰਦੀ ਭਾਰੂ
ਬੱਚਾ ਗਿੱਲੇ ਤੋਂ ਸੁੱਕੇ ਥਾਂ ਪਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਹਰ ਥਾਂ ਕਰੇ ਹਿਫਾਜਤ ਪੂਰੀ
ਜੀਵਨ ਵਿੱਚ ਸਫਲ ਹੈ ਪੂਰੀ
ਉਹੀਉ ਦੇਵੇ ਜੋ ਬੱਚਾ ਚਾਵੇਂ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।

ਸੁਖਚੈਨ ਸਿੰਘ, ਠੱਠੀ ਭਾਈ,
00971527632924

ਕੁਦਰਤ

ਬੱਸ ਵਿੱਚ ਜਾਂਦੇ ਦੇਖ ਰਿਹਾ ਸੀ
ਧੁੱਪ ਦਾ ਸੇਕਾ ਸੇਕ ਰਿਹਾ ਸੀ
ਟਾਂਵਾਂ ਟਾਂਵਾਂ ਰੁੱਖ ਸੀ ਕੋਈ
ਖੰਭਿਆਂ ਨੇ ਸੀ ਧਰਤ ਲਕੋਈ
ਸੋਚਿਆ ਪੰਛੀ ਕਿੱਥੇ ਹੋਣੇ ?
ਗਰਮੀ ਵਿੱਚ ਮਰ ਮੁੱਕਗੇ ਹੋਣੇ
ਨਾ ਪਾਣੀ ਨਾ ਛਾਂ ਹੈ ਦਿਖਦੀ
ਧਰਤੀ ਬੰਦੇ ਨੂੰ ਮਾਂ ਨਾ ਦਿਖਦੀ
ਚੱਪਾ ਚੱਪਾ ਸਾੜ ਦਿੱਤਾ
ਕੁਦਰਤ ਦਾ ਘਰ ਉਜਾੜ ਦਿੱਤਾ
'ਕਲੇਰ' ਭੁਗਤਣੀ ਪੈਣੀ ਬੰਦੇ ਨੂੰ
ਖੁਦ ਪੈਰੀਂ ਕੁਹਾੜਾ ਮਾਰ ਲੀਤਾ।

ਹੰਸ ਕਲੇਰ 'ਦੁਗਾਲ'

ਕਿਰਦਾਰ

ਆਪਣੀਆਂ ਕਮੀਆਂ ਲਿਖਣ ਲੱਗਿਆ ਕਲਮ ਕਿਉਂ ਰੁਕ ਜਾਂਦੀ
ਗੱਲਾਂ ਬਹੁਤ ਸਾਇਰ ਲਿਖਦੇ ਕਾਸ ਕਦੇ ਆਪਣੇ ਤੇ ਢੁਕ ਜਾਂਦੀ
ਹਰ ਕੋਈ ਸੋਚਦਾ ਸਾਡੇ ਲਈ ਇਹਦਾ ਕਿਰਦਾਰ ਕਿੱਦਾਂ ਦਾ ਹੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਅੰਦਰੋਂ ਅਸੀਂ ਚਲਾਕ ਬੜੇ ਪਰ ਚਿਹਰੇ ਦੇਖਣ ਨੂੰ ਭੋਲੇ ਨੇ
ਚਿੱਟੇ ਕੱਪੜੇ ਪਾ ਦੁਕਾਨੇਂ ਤੁਰ ਜਾਈਏ ਕਾਲੇ ਕਰਨੇ ਕੋਲੇ ਨੇ
ਬੇਗਾਨਾ ਕੋਈ ਪਹੁੰਚ ਨਾ ਸਕੇ ਆਪਣਾ ਜਰੂਰ ਟੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਕਾਹਦੇ ਮਾਨ ਦੌਲਤ ਸੋਹਰਤ ਦੇ ਸਭ ਕੁੱਝ ਛੱਡ ਟੁਰ ਜਾਣਾ
ਅਸੀਂ ਪਤਾਸੇ ਮਿੱਠੇ ਜਿਹੇ ਪਾਣੀ ਦੇ ਵਹਾਉ ਵਿੱਚ ਖੁਰ ਜਾਣਾ
ਇਹ ਕੱਚੀ ਮਿੱਟੀ ਦਾ ਕੋਠਾ ਹੈ ਮੀਂਹ ਵਿੱਚ ਚੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਲਿਖਦਿਆਂ ਲਿਖਦਿਆਂ ਕਵੀ ਦਰਦ ਬਿਆਨ ਕਰ ਜਾਂਦੇ
ਜਿ਼ਦਗੀ ਦੀ ਬਾਜੀ ਨੂੰ ਜਿੱਤਦਿਆਂ ਜਿੱਤਦਿਆਂ ਹਰ ਜਾਂਦੇ
ਸੁਖਚੈਨ,ਅਰਥੀ ਮੋਢੇ ਚੱਕ ਹੋਣੀ ਹਰ ਕੋਈ ਪਿੱਛੇ ਖਲੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।

ਸਾਇਰ ਸੁਖਚੈਨ ਸਿੰਘ,ਠੱਠੀ ਭਾਈ,
00971527632924

ਜਖਮ....

ਜਖਮ ਜਿਹੜੇ ਹੋਏ ਅੰਦਰ,
ਉਹ ਹੌਲੀ ਹੌਲੀ ਰਿੱਸਦੇ ਨੇ।
ਫੋੜ੍ਹਿਆਂ ਵਾਂਗੂੰ ਧੁੱਖਦੇ ਰਹਿੰਦੇ,
ਹੱਥ ਲਾਇਆਂ ਵੀ ਫਿੱਸਦੇ ਨੇ।
ਆਪੋ-ਆਪਣੇ ਹਰ ਕੋਈ ਜਾਣੇ,
ਗਮ ਕਿੰਨੇ ਹਿੱਸੇ ਕਿੱਸਦੇ ਨੇ।
ਹਾਸਿਆਂ ਉੱਤੇ ਕਬਜਾ ਕਾਹਦਾ,
ਸਾਂਭੇ ਜਿਹੜਾ ਬੱਸ ਤਿੱਸਦੇ ਨੇ।
ਸੂਲਾਂ ਉੱਤੇ ਜਨਮ ਜਿਨ੍ਹਾਂ ਦਾ,
ਕੰਡਿਆਂ ਉੱਪਰ ਘਿੱਸਦੇ ਨੇ।
ਕੌਣ ਜਾਣੇ ਇਹ ਭੇਤ ਵੇ ਸੱਜਣਾਂ,
ਕਿੰਝ ਫੁੱਲ ਖਿੜੇ ਹੋਏ ਦਿੱਸਦੇ ਨੇ ?
ਕਣਕ ਨਾਲ ਘੁਣ ਵਾਂਗਰਾਂ,
ਕਈ ਨਿੱਤ ਦਿਹਾੜੀ ਪਿੱਸਦੇ ਨੇ।
ਪੁੱਛੇ ਕੌਣ ਭਲਾ ਦੱਸੋ ਬਈ,
ਹੱਕ ਕਿੱਥੇ ਗੁਆਚੇ ਇਸਦੇ ਨੇ ?
ਹੱਕ ਕਿੱਥੇ ਗੁਆਚੇ ਇਸਦੇ ਨੇ ?

ਮਨਜੀਤ ਕੌਰ ਧੀਮਾਨ ਸੰ:9464633059

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 379 | Website: www.preetnama.com Email preetnamausa@gmail.com | 13 NOV TO 19 NOV., 2026

No body have time to watch TV Advertisement
No body have time to read Physical newspapers


It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com